# ਵਤਨੋਂ ਦੂਰ

WATNO DUR, JANUARY - FEBRUARY 1986, ONE DOLLAR

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | **JAN.-FEB. 1986** | **Vol. 13 No. 109**

EDITORIAL BOARD:

SURINDER DHANJAL, EDMONTON..........439-6216
SATWANT, EDMONTON..................461-1917
LAAT BHINDER, EDMONTON..............435-7469
AVTAR GILL, SHERWOOD PARK...........464-3851
KARNAIL RANDHAWA, EDMONTON..........462-2712

WATNO DUR REPRESENTATIVES:

● BRITISH COLUMBIA
SADHU, BURNABY......................437-9014
SUKHWANT HUNDAL, VANCOUVER..........321-9221
AMARJIT CHAHAL, SURREY..............581-0406
PAUL BINNING, RICHMOND..............270-9467
GURCHARAN TALLEWALIA, BURNABY.......298-3982
TEJ SANDHU, QUESNEL.................992-6775
AVTAR RODHEY, QUESNEL...............992-7578
INDERJIT RODE, VANCOUVER............430-4104

## ਇਸ ਅੰਕ ਵਿੱਚ :


- ਕਵਿਤਾਵਾਂ: ਇਕਬਾਲ ਰਾਮੂਵਾਲੀਆ, ਸੁਰਜੀਤ ਕਰਾੜ, ਅਜਾਇਬ ਕਮਲ, ਸੁਖਵੰਤ ਹੁੰਦਲ, ਅਵਤਾਰ ਸਿੰਘ ਸਾਦਿਕ, ਇਰੀਸ ਪੀਟਰਸ (ਅਨੁ: ਕੇਹਰ ਸ਼ਰੀਫ਼), ਨ.ਸ. ਤਰਸ
- ਕਹਾਣੀਆਂ: ਅਵਤਾਰ ਗਿੱਲ, ਗੁਰਬਖਸ਼ ਦੋਸਾਂਝ
- ਲੇਖ: ਸਤਵੰਤ
- ਪੁਸਤਕ-ਪੜਚੋਲ: ਜੰਗਲ ਦੇ ਵਿਰੁੱਧ (ਸਾਧੂ - ਸੁਖਪਾਲ)
- ਰੀਪੋਰਟ: ਪੰਜਾਬ ਨਾਟਕ-ਕਲਾ ਕੇਂਦਰ (ਰਾਜਵਿੰਦਰ)
- ਵਿਸ਼ੇਸ਼ (ਸਥਾਈ ਕਾਲਮ / ਬਿਆਨ):
  - ਦਰਪਣ (ਚਾਰ ਖ਼ਤ)
  - ਇੱਕ ਖ਼ਤ: ਇੱਕ ਵਿਚਾਰ (ਦਲੀਪ ਸਿੰਘ ਮਾਂਗਟ)
  - ਖ਼ਤ ਦਾ ਉੱਤਰ (ਅਮਰੀਕ ਸਿੰਘ)
  - ਵਤਨ ਦੀ ਵਾਸ (ਗੁਰਸ਼ਰਨ ਸਿੰਘ)
  - ਪੰਜਾਬ ਸਟੂਡੈਂਟਸ ਯੂਨੀਅਨ ਦੇ ਇੱਕ ਗਰੁੱਪ ਬਾਰੇ ਕੈਨੇਡਾ-ਅਮਰੀਕਾ-ਇੰਗਲੈਂਡ ਦੀਆਂ ਜਥੇਬੰਦੀਆਂ ਦਾ ਸਾਂਝਾ ਬਿਆਨ


ਨੋਟ: ਮਾਰਚ-ਅਪਰੈਲ 86 ਅੰਕ 25 ਅਪਰੈਲ ਤੱਕ ਪ੍ਰਕਾਸ਼ਤ ਹੋ ਗਿਆ ਹੈ। ਹਥਲਾ ਅੰਕ ਬਹੁਤ ਲੇਟ ਹੋ ਗਿਆ ਹੈ।

- **ANNUAL SUBSCRIPTION**

  - Canada/U.S.A.: $6.00; England: £5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).

  - Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਸੰਪਾਦਕੀ

● **ਫਿਲਪੀਨ :**

ਫਿਲਪੀਨ ਵਿੱਚ ਵਾਪਰੀਆਂ ਘਟਨਾਵਾਂ ਸਾਮਰਾਜੀ ਤਾਕਤਾਂ ਵੱਲੋਂ ਅੰਤਰਰਾਸ਼ਟਰੀ ਪੱਧਰ ਉੱਤੇ ਕੀਤੀ ਜਾ ਰਹੀ ਸਾਜ਼ਸ਼ ਨੂੰ ਨੰਗੇ ਚਿੱਟੇ ਰੂਪ ਵਿੱਚ ਪੇਸ਼ ਕਰਦੀਆਂ ਹਨ – ਇਸ ਸਾਜ਼ਸ਼ ਦਾ ਮੁੱਖ ਕਿਰਦਾਰ ਹੈ :

1. ਹਥਿਆਰਬੰਦ ਘੋਲਾਂ ਦੀ ਥਾਂ ਸ਼ਾਂਤਮਈ ਰਾਜ-ਪਲਟਿਆਂ ਨੂੰ ਵਡਿਆਉਣਾ ਅਤੇ ਨਵੀਆਂ ਕਠਪੁਤਲੀ ਸਰਕਾਰਾਂ ਨੂੰ ਜਨਮ ਦੇਣਾ;
2. ਆਪਣੀ ਉਮਰ ਵਧਾਉਣ ਲਈ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣਾ;
3. ਅਗਾਂਹਵਧੂ ਸ਼ਕਤੀਆਂ ਨੂੰ ਕੁਚਲਣ ਲਈ ਅਤੇ ਆਪਣੀ ਸਰਦਾਰੀ ਕਾਇਮ ਰੱਖਣ ਲਈ ਜੰਗੀ- ਅੱਡੇ ਕਾਇਮ ਕਰਨਾ !

ਦੁਨੀਆਂ ਭਰ ਦੇ ਲੋਕਾਂ ਨੂੰ ਪਤਾ ਹੈ ਅਮਰੀਕੀ ਸਾਮਰਾਜ ਦੀ ਸ਼ਹਿ ਉੱਤੇ ਹੀ, ਫਿਲਪੀਨ ਦਾ ਵਹਿਸ਼ੀ ਡਿਕਟੇਟਰ ਫਿਲਪੀਨ ਦੇ ਲੋਕਾਂ ਉੱਤੇ ਜ਼ੁਲਮ ਢਾਹੁੰਦਾ ਰਿਹਾ ਹੈ – ਉਹੀ ਅਮਰੀਕਾ ਹੁਣ ਮਾਰਕੋਜ਼ ਵੱਲੋਂ ਵੋਟਾਂ ਸਮੇਂ ਗ਼ਲਤ ਤੌਰ-ਤਰੀਕੇ ਵਰਤਣ ਦਾ 'ਦੋਸ਼' ਲਾ ਕੇ, ਆਪਣੇ ਆਪ ਨੂੰ ਮਾਰਕੋਜ਼ ਦੇ ਵਿਰੋਧੀ ਅਤੇ ਫਿਲਪੀਨੀ ਲੋਕਾਂ ਦੇ ਮਿੱਤਰ ਵਜੋਂ ਪੇਸ਼ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਨਾਲ ਦੀ ਨਾਲ, ਕਿਉਂਕਿ ਸਾਧਾਰਣ ਲੋਕਾਂ ਦੀ ਹਮਦਰਦੀ ਸ੍ਰੀਮਤੀ ਅਕੀਨੋ ਨਾਲ ਜੁੜ ਗਈ ਸੀ (ਜਿਸ ਦਾ ਪਤੀ, ਮਾਰਕੋਜ਼-ਰਾਜ-ਸੱਤਾ ਵੱਲੋਂ ਗੋਲੀਆਂ ਨਾਲ ਮਰਵਾ ਦਿੱਤਾ ਗਿਆ ਸੀ।) – ਇਸ ਹਮਦਰਦੀ ਨੂੰ ਵਰਤ ਕੇ, ਸ੍ਰੀਮਤੀ ਅਕੀਨੋ ਨੂੰ ਅੱਗੇ ਲਿਆਂਦਾ ਗਿਆ ਹੈ।

ਅਸਲੀਅਤ ਇਹ ਹੈ ਕਿ ਦੱਖਣੀ-ਪੂਰਬੀ ਏਸ਼ੀਆ ਵਿੱਚ ਸਥਿਤ, ਸੱਤ ਹਜ਼ਾਰ ਟਾਪੂਆਂ ਦੇ ਦੇਸ਼ ਫਿਲਪੀਨ ਵਿੱਚ, ਲੋਕਾਂ ਦਾ ਇਨਕਲਾਬੀ ਸੰਘਰਸ਼ ਮਾਰਕੋਜ਼-ਜੁੰਡਲੀ ਵਿਰੁੱਧ ਜ਼ੋਰ ਸ਼ੋਰ ਨਾਲ ਅੱਗੇ ਵਧਣ ਲੱਗ ਪਿਆ ਸੀ, ਜਿਸ ਤੋਂ ਭੈ-ਭੀਤ ਹੋ ਕੇ ਅਮਰੀਕਾ ਨੇ ਇਹ ਸਟੰਟ ਰਚਿਆ ਹੈ; ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੁਕਤੀ- ਸੰਘਰਸ਼ ਕਰ ਰਹੇ ਦੇਸ਼ਾਂ ਵਿੱਚ ਇਨਕਲਾਬੀ ਘੋਲਾਂ ਦੀ ਥਾਂ ਸ਼ਾਂਤਮਈ-ਰਾਜ-ਪਲਟੇ ਸਹੀ ਹੱਲ ਹੋ ਸਕਦੇ ਹਨ।

ਕੁਝ ਕੁ ਫਰਕ ਨਾਲ (ਇੰਨ ਬਿੰਨ ਜਾਂ ਹੂ-ਬ-ਹੂ ਨਹੀਂ) ਇਸ ਅਖੌਤੀ ਰਾਜ-ਪਲਟੇ ਨੂੰ ਭਾਰਤ ਦੀ ਉਸ ਸਥਿਤੀ ਨਾਲ ਮੇਲਿਆ ਜਾ ਸਕਦਾ ਹੈ ਜਦੋਂ ਕਾਂਗਰਸ(ਇੰਦਰਾ) ਸਰਕਾਰ ਦੀ ਜ਼ਲਾਲਤ ਤੋਂ ਬਾਅਦ, 1977 ਵਿੱਚ ਜਨਤਾ ਪਾਰਟੀ ਦਾ ਰਾਜ ਆਇਆ ਸੀ — ਇਤਿਹਾਸ ਗਵਾਹ ਹੈ ਕਿ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਦਾ ਸਹੀ ਹੱਲ ਨਾ ਕਾਂਗਰਸ ਹੈ/ਸੀ, ਨਾ ਜਨਤਾ ਪਾਰਟੀ – ਏਸੇ ਤਰਾਂ ਹੀ ਸਾਡੇ ਖਿਆਲ ਵਿੱਚ ਫਿਲਪੀਨ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਅਕੀਨੋ ਦੀ ਸਰਕਾਰ ਨਹੀਂ ਹੋ ਸਕਦੀ।

ਇਸ ਸੰਬੰਧ ਵਿੱਚ ਅਸੀਂ ਸਾਡੇ ਇੱਕ ਪ੍ਰਤੀਨਿਧ ਵੱਲੋਂ ਫਿਲਪੀਨ ਦੇ ਦੇਸ਼-ਭਗਤਾਂ ਦੀ ਇਨਕਲਾਬੀ ਸੈਨਾ "ਨਿਊ ਪੀਪਲਜ਼ ਆਰਮੀ" (ਐੱਨ.ਪੀ.ਏ.) ਦੇ ਇੱਕ ਗੁਪਤ ਸਿਆਸੀ ਕਾਰਕੁੰਨ ਨਾਲ ਕੀਤੀ ਇੱਕ ਇੰਟਰਵਿਊ – ਜੋ "ਮਾਰਕੋਜ਼ ਜੁੰਡਲੀ ਵਿਰੁੱਧ ਬਹਾਦਰ ਫਿਲਪੀਨੀ ਲੋਕਾਂ ਦਾ ਵਧ ਰਿਹਾ ਘੋਲ" ਸਿਰਲੇਖ ਹੇਠ "ਵਤਨੋਂ ਦੂਰ" ਦੇ ਮਾਰਚ-ਅਪਰੈਲ 1985 ਦੇ ਅੰਕ ਵਿੱਚ ਪ੍ਰਕਾਸ਼ਤ ਹੋਈ ਸੀ- ਮੁੜ ਪੜ੍ਹਨ ਦੀ ਸਿਫ਼ਾਰਸ਼ ਕਰਦੇ ਹਾਂ।

● **ਟੋਰੀ ਸਰਕਾਰ ਦਾ ਲੋਕ-ਮਾਰੂ ਬੱਜਟ :**

ਕੈਨੇਡਾ ਵਿੱਚ ਪ੍ਰੋਗ੍ਰੈਸਿਵ ਕਨਜ਼ਰਵੇਟਿਵ ਪਾਰਟੀ (ਟੋਰੀ) ਦੀ ਫੈਡਰਲ ਸਰਕਾਰ ਦੇ ਵਿਤ ਮੰਤਰੀ ਵਿਲਸਨ ਵੱਲੋਂ ਪੇਸ਼ ਕੀਤਾ ਗਿਆ 1986 ਦਾ ਬੱਜਟ ਕਾਮੇ ਲੋਕਾਂ ਲਈ ਮੰਦਹਾਲੀ ਅਤੇ ਵੱਡੀਆਂ ਕਾਰਪੋਰੇਸ਼ਨਾਂ ਲਈ ਖ਼ੁਸ਼ਹਾਲੀ ਦਾ ਸੰਦੇਸ਼ ਹੈ। ਇਹ ਬੱਜਟ ਬੇਰੁਜ਼ਗਾਰੀ ਨੂੰ ਘਟਾਉਣ ਲਈ ਕੁਝ ਨਹੀਂ ਕਰਦਾ, ਸਗੋਂ ਵਿਲਸਨ ਦੇ ਕਹਿਣ ਮੁਤਾਬਕ 'ਨੌਕਰੀਆਂ ਪੈਦਾ ਕਰਨ' ਨਿਜੀ (ਪ੍ਰਾਈਵੇਟ) ਸੈਕਟਰ 'ਤੇ ਛੱਡ ਦਿੰਦਾ ਹੈ। ਨੌਜੁਆਨ ਅਤੇ ਔਰਤਾਂ, ਜੋ ਕਿ ਇਸ ਵੇਲੇ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸ਼ਿਕਾਰ ਹਨ, ਨੂੰ ਰੁਜ਼ਗਾਰ ਮੁਹੱਈਆ ਕਰਨ ਬਾਰੇ ਕੋਈ ਠੋਸ ਹੀਲਾ ਨਹੀਂ ਕੀਤਾ ਗਿਆ। ਬੱਜਟ ਤਿਆਰ ਕਰਦੇ ਸਮੇਂ ਵਿਲਸਨ ਦਾ ਬਹੁਤਾ ਧਿਆਨ ਨਿਊਯਾਰਕ, ਲੰਡਨ ਅਤੇ ਨਿਊਯਾਰਕ ਦੇ ਬੈਂਕਾਂ, ਸ਼ਿਕਾਗੋ ਦੇ ਮਨੀ-ਐਕਸਚੇਂਜਾਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਨੇ ਹੀ ਖਿੱਚੀ ਰੱਖਿਆ।

ਘਾਟੇ ਨੂੰ ਕਿਸੇ ਅਜਿਹੇ ਢੰਗ ਨਾਲ ਘੱਟ ਕੀਤਾ ਜਾ ਸਕਦਾ ਸੀ ਜਿਸ ਨਾਲ ਕਿ ਗੱਲ ਕੰਮ ਕਰਨ ਵਾਲੇ ਲੋਕਾਂ ਦੇ ਹੱਕ ਵਿੱਚ ਜਾਂਦੀ – ਜਿਵੇਂ ਕਿ :

- ਲੋਕਾਂ ਲਈ ਵਧੇਰੇ ਰੁਜ਼ਗਾਰ ਸਾਧਨ ਪੈਦਾ ਕੀਤੇ ਜਾਂਦੇ ਜਿਸ ਨਾਲ ਕਿ ਬੇਰੁਜ਼ਗਾਰੀ ਭੱਤਾ ਅਤੇ ਵੈੱਲਫੇਅਰ ਦਾ ਖਰਚਾ ਘਟ ਸਕਦਾ;
- ਹਥਿਆਰਾਂ ਆਦਿ 'ਤੇ ਘੱਟ ਖਰਚ;
- ਬਦੇਸ਼ੀ ਮੁਨਾਫ਼ੇ ਦੇ ਰੂਪ 'ਚ ਕਰੋੜਾਂ ਡਾਲਰਾਂ ਦਾ ਦੇਸ਼ੋਂ ਬਾਹਰ ਜਾਣਾ ਰੋਕਿਆ ਜਾਂਦਾ;
- ਵਧੇ ਹੋਏ ਵਿਆਜ ਦੀ ਦਰ ਨਾਲ ਬੈਂਕਾਂ ਵੱਲੋਂ ਕਮਾਏ ਖੁੱਲ੍ਹੇ ਗੱਫਿਆਂ 'ਤੇ ਟੈਕਸ ਲਾਇਆ ਜਾਂਦਾ;
- ਵੱਡੀਆਂ ਕਾਰਪੋਰੇਸ਼ਨਾਂ ਸਿਰ ਖੜੋਤੇ ਕਰੋੜਾਂ ਡਾਲਰਾਂ ਦੇ ਟੈਕਸਾਂ ਦੀ ਉਗਰਾਹੀ ਦੇ ਯਤਨ ਕੀਤੇ ਜਾਂਦੇ।

ਪਰ ਨਹੀਂ... ! ਸਾਰਾ ਘਾਟਾ ਪੂਰਾ ਕਰਨ ਲਈ ਇਹ ਬੱਜਟ ਕੰਮ ਕਰਨ ਵਾਲੇ ਲੋਕਾਂ 'ਤੇ ਵਧੇਰੇ ਟੈਕਸ ਲਾ ਕੇ; 1.5

ਬਿਲੀਅਨ ਇੱਕ ਦਮ, ਅਤੇ 7.5 ਬਿਲੀਅਨ ਆਉਂਦੇ ਪੰਜ ਸਾਲਾਂ ਵਿੱਚ ਉਗਰਾਹੁਣਾ ਕਰਕੇ ਇਸ ਬੱਜਟ ਨੂੰ ਲੋਕ-ਦੋਖੀ ਬਣਾਇਆ ਗਿਆ। ਇੱਥੇ ਹੀ ਬੱਸ ਨਹੀਂ; ਸਰਕਾਰੀ ਖਰਚੇ ਨੂੰ ਇਸ ਕਦਰ ਛਾਂਗਿਆ ਗਿਆ ਕਿ ਜਿਸ ਨਾਲ ਬਹੁਤ ਸਾਰੇ ਲੋਕ-ਭਲਾਈ ਦੇ ਕੰਮਾਂ ਤੇ ਖਰਚ ਕੀਤੀ ਜਾਂਦੀ ਰਕਮ 'ਤੇ ਢੱਕਣ ਹੀ ਦੇ ਦਿੱਤਾ ਗਿਆ। ਅਸਲ ਵਿੱਚ ਇਸ ਬੱਜਟ ਦਾ ਨਤੀਜਾ ਇਹ ਹੋ ਸਕਦਾ ਹੈ ਕਿ ਇਸ ਨਾਲ ਬੇਰੋਜ਼ਗਾਰੀ ਵਧੇਗੀ ਤੇ ਆਮ ਲੋਕ ਮੰਦਹਾਲੀ ਦੇ ਹੋਰ ਨੇੜੇ ਧੱਕੇ ਜਾਣਗੇ।

ਅਸਲ ਵਿੱਚ ਵੇਲੇ ਦੀ ਲੋੜ ਇਹ ਸੀ ਕਿ ਇੱਕ ਅਜਿਹਾ ਬੱਜਟ ਤਿਆਰ ਕੀਤਾ ਜਾਂਦਾ ਜਿਸ ਨਾਲ ਰੋਜ਼ਗਾਰ ਦੇ ਵਧੇਰੇ ਸਾਧਨ ਪੈਦਾ ਕੀਤੇ ਜਾਂਦੇ ਅਤੇ ਜਿੱਥੇ ਕਿਤੇ ਲੋਕ ਨਿਗੂਣੀਆਂ ਉਜਰਤਾਂ ਲੈ ਕੇ ਬੜੀ ਮੁਸ਼ੱਕਤ ਵਾਲਾ ਕੰਮ ਕਰਦੇ ਹਨ, ਉਹਨਾਂ ਦੀਆਂ ਤਨਖਾਹਾਂ 'ਚ ਵਾਧਾ ਕੀਤਾ ਜਾਂਦਾ ਤਾਂ ਜੋ ਉਹਨਾਂ ਦੀ ਖਰੀਦਣ-ਸ਼ਕਤੀ ਵਧ ਸਕਦੀ; ਆਪਣੀ ਮਰਜ਼ੀ ਨਾਲ ਚੰਗੀ ਸਿਹਤਮੰਦ ਪੈਨਸ਼ਨ ਨਾਲ ਲਈ ਜਾ ਸਕਣ ਵਾਲੀ ਰਿਟਾਇਰਮੈਂਟ ਦੇ ਪ੍ਰਬੰਧ ਕੀਤੇ ਜਾਂਦੇ। ਵਧੀਆ ਹੁੰਦਾ ਜੇ 'ਅਮੀਰਾਂ ਦੀ ਧਰਤੀ' ਤੇ ਵਧਦੀ ਗਰੀਬੀ ਦੀ ਲਾਹਣਤ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਜਾਂਦੇ; ਇੱਕ ਅਜਿਹਾ ਬੱਜਟ ਤਿਆਰ ਕੀਤਾ ਜਾਂਦਾ ਜਿਸ ਨਾਲ ਕਿਹਾ ਜਾ ਸਕਦਾ ਕਿ ਕੈਨੇਡਾ ਸੰਸਾਰ-ਪੱਧਰ 'ਤੇ ਹਥਿਆਰਾਂ ਦੀ ਰੋਕ ਅਤੇ ਅਮਨ ਦੇ ਹੱਕ ਵਿੱਚ ਖੜ੍ਹੋਤਾ ਹੈ।

ਇਸ ਸਭ ਕੁਝ ਦੇ ਉਲਟ ਵਿਲਸਨ ਨੇ ਇੱਕ 'ਕਾਰਪੋਰੇਸ਼ਨ ਬੱਜਟ' ਪੇਸ਼ ਕਰਕੇ ਇਹ ਸਿੱਧ ਕੀਤਾ ਹੈ ਕਿ ਕਾਰਪੋਰੇਸ਼ਨਾਂ ਅਤੇ ਕੰਮ ਕਰਨ ਵਾਲੇ ਲੋਕਾਂ ਦੇ ਹਿਤ ਵੱਖੋ ਵੱਖਰੇ ਹਨ ਅਤੇ ਮੌਜੂਦਾ ਟੋਰੀ ਸਰਕਾਰ ਕਾਰਪੋਰੇਸ਼ਨਾਂ ਦਾ ਹਿਤ ਪੂਰਦੀ ਹੈ। ਲੋਕ ਜਥੇਬੰਦੀਆਂ ਨੂੰ ਇਸ ਲੋਕ-ਦੋਖੀ ਬੱਜਟ ਦੀ, ਜਿੰਨੀ ਹੋ ਸਕੇ, ਨਿਖੇਧੀ ਕਰਨੀ ਚਾਹੀਦੀ ਹੈ।

- ਅਦਾਰਾ ਵਤਨੋਂ ਦੂਰ
(31 ਮਾਰਚ 86)

---

## ਕੈਨੇਡਾ ਦੇ ਲੇਖਕਾਂ ਦੀਆਂ ਕੁਝ ਪੁਸਤਕਾਂ :

| | | | | |
|---|---|---|---|---|
| ਕਤਲਗਾਹ (ਗੁਰਚਰਨ ਰਾਮਪੁਰੀ) | ਜ਼ਖ਼ਮਾਂ ਦੀ ਫ਼ਸਲ (ਸੁਰਿੰਦਰ ਧੰਜਲ) | ਕੁਝ ਵੀ ਨਹੀਂ (ਇਕਬਾਲ ਰਾਮੂਵਾਲੀਆ) | ਕਿਸ ਦਾ ਕਸੂਰ (ਸਾਧੂ) | ਤੂਫ਼ਾਨ ਦੀਆਂ ਜੜ੍ਹਾਂ ਵਿੱਚ (ਸੁਖਿੰਦਰ) |
| ਕਾਮਾਗਾਟਾਮਾਰੂ (ਅਜਮੇਰ ਰੋਡੇ) | ਬਾਹਰੋਂ ਆਇਆ ਆਦਮੀ (ਅਮਰਜੀਤ ਚਾਹਲ) | ਬਲਦੇ ਬੋਲ (ਸੰ: ਦਰਸ਼ਨ ਗਿੱਲ) | ਖੱਟਣ ਗਏ ਪਰਦੇਸ (ਸੰ: ਮਹਿੰਦਰ ਸੂਮਲ) | ਜੰਗਲ ਦੇ ਵਿਰੁੱਧ (ਸੰ: ਸਾਧੂ-ਸੁਖਪਾਲ) |

• ਛਪ ਰਹੀਆਂ : ਸੱਤੀਂ ਵੀਹੀਂ ਸੌ (ਅਵਤਾਰ ਗਿੱਲ) ; ਬਘਿਆੜਾਂ ਦੇ ਵੱਸ (ਸੰਪਾਦਕ : ਸੁਖਿੰਦਰ)

---

# ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ **ਲਿਖਤਾਂ**



ਸਾਡਾ ਇਤਿਹਾਸਕ ਵਿਰਸਾ ਖਿੰਡਿਆ ਪੁੰਡਿਆ ਪਿਆ ਹੈ - ਇਸ ਨੂੰ ਸਾਂਭਣਾ ਅਤੇ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾਉਣਾ ਸਾਡਾ ਇਤਿਹਾਸਕ ਫਰਜ਼ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਏਸੇ ਮਕਸਦ ਨਾਲ ਹੋਈ ਹੈ। ਪ੍ਰਕਾਸ਼ਤ ਦਸਤਾਵੇਜ਼ ਪੁਰਾਣੇ ਇਤਿਹਾਸਕ ਪਰਚਿਆਂ (ਕਿਰਤੀ ਆਦਿ) ਅਤੇ ਸਰਕਾਰੀ ਫਾਈਲਾਂ ਚੋਂ ਬਹੁਤ ਮਿਹਨਤ ਨਾਲ ਪ੍ਰਾਪਤ ਕੀਤੇ ਗਏ ਹਨ।

• ਸੰਪਾਦਕ :-
ਜਗਮੋਹਨ ਸਿੰਘ
ਸਕੱਤਰ, ਸ਼ਹੀਦ ਭਗਤ ਸਿੰਘ ਖੋਜ ਕਮੇਟੀ
838 ਕ੍ਰਿਸ਼ਨਾ ਨਗਰ ਲੁਧਿਆਣਾ

• ਪ੍ਰਕਾਸ਼ਕ :-

| | |
|---|---|
| ਰੈਡੀਕਲ ਪਬਲੀਕੇਸ਼ਨਜ਼, ਸਾਹਮਣੇ ਡੀ.ਐੱਮ. ਕਾਲਜ, ਮੋਗਾ | ਦਰਸ਼ਨ ਸਿੰਘ, ਪਿੰਡ ਤੇ ਡਾਕ: ਕੂਹਲੀ ਕਲਾਂ, ਲੁਧਿਆਣਾ |

• ਮਿਲਣ ਦਾ ਪਤਾ :-
ਜੈਕਾਰਾ, ਈ.ਜੇ. 273
ਛਾਹਰ ਬਾਗ, ਜਾਲੰਧਰ

• ਕੀਮਤ: ਵੀਹ ਡਾਲਰ ; ਡਾਕ ਖਰਚ ਅਲੱਗ

## ਉਸਨੂੰ ਕਹੋ

(ਇਕਬਾਲ ਰਾਮੂਵਾਲੀਆ)

ਉਸਨੂੰ ਕਹੋ ਕਿ ਖ਼ਤ ਲਿਖੇ ...

ਬਹੁਤ ਸਹਿ ਲਿਆ ਹੈ ਖ਼ਾਮੋਸ਼ ਕੰਧਾਂ ਦਾ ਸ਼ੋਰ;
ਬਹੁਤ ਤਿੜਕ ਗਿਆ ਹਾਂ ਖ਼ਿਲਾਅ ਸੰਗ ਟਕਰਾ ਟਕਰਾ ਕੇ;
ਬਹੁਤ ਤੜਫਿਆ ਹਾਂ
ਕਦੇ ਆਪਣੇ ਹੀ ਪਰਛਾਵੇਂ ਤੋਂ ਡਰਕੇ
ਤੇ ਕਦੇ ਆਪਣੇ ਹੀ ਪਰਛਾਵੇਂ ਨੂੰ ਮਿਲਕੇ,
ਬਹੁਤ ਖੁਰ ਗਿਆ ਹਾਂ
ਉਸ ਘਟਨਾ ਦੀ ਉਡੀਕ ਵਿੱਚ
ਜਿਸਨੇ ਸ਼ਾਇਦ ਕਦੇ ਵੀ ਨਹੀਂ ਵਾਪਰਨਾ;
ਸੀਤ ਮੌਸਮ 'ਚ
ਸੇਕਣ ਲਈ ਸਿਰਫ਼ ਆਪਣਾ ਤਾਪ ਹੀ ਬਚਿਆ ਹੈ...

ਉਹ ਜੇ ਬਚ ਗਈ ਹੋਵੇ
ਉਸ ਬੇਕਿਰਕ ਮੌਸਮ ਤੋਂ
ਜਿੱਥੇ ਬੰਦਾ ਸਿਰਫ਼ ਜ਼ੀਓਮੈਟਰੀ ਬਣਕੇ ਹੀ ਰਹਿ ਜਾਂਦੈ;
ਉਹ ਜੇ ਬਚ ਗਈ ਹੋਵੇ
ਉਨ੍ਹਾਂ ਬਜ਼ੁਰਗ ਇਮਾਰਤਾਂ ਤੋਂ
ਜਿੱਥੇ ਪਥਰਾਅ ਰਹੇ ਨੇ
ਕੀਮਤੀ ਰੁਮਾਲਿਆਂ 'ਚ ਜਕੜੇ ਗਰੰਥ;
ਉਹ ਜੇ ਬਚ ਗਈ ਹੋਵੇ
ਦਿੱਲੀ ਦੀ ਉਸ ਬਦਚਲਣ ਮਜਲਿਸ ਤੋਂ
ਜਿੱਥੇ ਖ਼ੰਜਰ ਤੇ ਮਰਹਮ ਇੱਕੋ ਮੇਜ਼ ਉਤੇ ਵਿਚਰਦੇ ਨੇ
ਤਾਂ ਉਸਨੂੰ ਕਹੋ ਕਿ ਖ਼ਤ ਲਿਖੇ

• (TORONTO, ONTARIO)

## ਸੁੱਤਿਆ ਜਾਗ ਓਏ ਲੋਕਾ

(ਸੁਰਜੀਤ ਬਰਾੜ)

ਹੱਕਾਂ ਦੀ ਹੇਕ ਤੇ ਕੋਈ ਛੇੜ ਰਾਗ ਓਏ ਲੋਕਾ।
ਉੱਠ ਜਾਗ-ਜਾਗ-ਜਾਗ ਸੁੱਤਿਆ ਜਾਗ ਓਏ ਲੋਕਾ।
ਦਿਨ 'ਤੇ ਰਾਤਾਂ ਮੈਂ ਕੇ ਕਦੇ ਗੁਜ਼ਾਰੋ ਨਾ
ਜ਼ਿੰਦਗੀ ਤੋਂ ਨਾ ਹੰਭੋ ਵੀਰੋ ਹਾਰੋ ਨਾ
ਹੱਥਾਂ ਨਾਲ ਘੜੇ ਨੇ ਜਾਂਦੇ ਅਕਸਰ ਭਾਗ ਓਏ ਲੋਕਾ।
ਉੱਠ ਜਾਗ ਜਾਗ ... ... ... ... ... ਲੋਕਾ।
ਫਿਰਨੂੰ ਅੱਗ ਦਾ ਪੁੱਜਿਆ ਘਰ ਘਰ ਸੇਕ ਓਏ
ਕੀ ਕੁਝ ਜਾਂਦਾ ਹੋਈ ਉੱਠ ਕੇ ਦੇਖ ਓਏ
ਨਹੀਂ ਤਾਂ ਲੱਗ ਜਾਊਗੀ ਸਭ ਨੂੰ ਅੱਗ ਦੀ ਲਾਗ ਓਏ ਲੋਕਾ।
ਉੱਠ ਜਾਗ-ਜਾਗ ... ... ... ... ... ...ਲੋਕਾ।
ਜੇ ਮੁਕਤੀ ਹੋ ਚਾਹੁੰਦੇ ਲਾਓ ਜਾਨਾਂ ਨੂੰ
ਉਚੀਆਂ ਕਰੋ ਵੀਰੋ ਉਚੀਆਂ ਹੋਰ ਸ਼ਾਨਾਂ ਨੂੰ
ਮੁਕਤੀ ਬਾਝੋਂ ਹਰੇ ਨੀ ਹੋਣੇ ਸੁੱਕੇ ਬਾਗ ਓਏ ਲੋਕਾ।
ਉਠ ਜਾਗ- ਜਾਗ ... ... ... ... ... ਲੋਕਾ।
ਸਿਰ ਉੱਚਾ ਹੈ ਰੱਖਣਾ ਲਾਲ ਝੰਡੇ ਦਾ
ਖ਼ੌਫ਼ ਕਦੇ ਨੀ ਖਾਣਾ ਆਰੇ ਰੰਦੇ ਦਾ
ਖੋਹ ਲੈ ਜਾਬਰਾਂ ਕੋਲੋਂ ਇਹ ਰਾਜ ਓਏ ਲੋਕਾ।
ਉਠ ਜਾਗ- ਜਾਗ ... ... ... ... ... ਲੋਕਾ।
ਹਥੌੜੇ ਸੰਲਘਾਂ ਛਵੀਆਂ ਸੱਭ ਉਲਾਰੋ ਓਏ
'ਮਾਇਆ' ਦੀ ਨੱਪੋ ਸੰਘੀ ਇਹਨੂੰ ਮਾਰੋ ਓਏ
ਬੇਮੁਹਾਰਾ ਦੌੜੇ 'ਇੰਡੀਆ' ਫੜੀ ਵਾਂਗ ਓਏ ਲੋਕਾ।
ਉਠ ਜਾਗ- ਜਾਗ ... ... ... ... ... ਲੋਕਾ।

• (PUNJAB, INDIA)

## ਅਗ਼ਜ਼ਲ

(ਅਜਾਇਬ ਕਮਲ)

ਚਾਰ ਚੁਫੇਰੇ ਅੱਖਾਂ ਦੇ ਵਿੱਚ ਲੋਕੀਂ ਅੱਥਰ ਚੁਕੀ ਫਿਰਦੇ।
ਆਪਣੇ ਆਪਣੇ ਮੋਢੇ ਉੱਤੇ, ਆਪਣਾ ਸੱਥਰ ਚੁਕੀ ਫਿਰਦੇ।

ਮੈਂ ਜੋ ਗਠੀਆਂ ਕੰਧਾਂ ਢਾਈਆਂ, ਮੈਂ ਜੋ ਰਸਤੇ ਨਵੇਂ ਉਲੀਕੇ
ਤਾਹੀਓਂ ਥਾਂ ਥਾਂ ਮੇਰੇ ਪਿੱਛੇ, ਲੋਕੀਂ ਪੱਥਰ ਚੁਕੀ ਫਿਰਦੇ।

ਮੈਂ ਤਾਂ ਇੱਕ ਹੱਸਾਸ ਮਨੁਖ ਹਾਂ, ਲੱਕੜ ਦਾ ਸ਼ਹਿਤੀਰ ਨਹੀਂ
ਮੋਢੇ ਪਾਉਣ ਲਈ ਕਿਉਂ ਮੇਰੇ ਲੋਕ ਦੁਸੱਥਰ ਚੁਕੀ ਫਿਰਦੇ।

ਇਹ ਵੀ ਕੋਈ ਚਾਲ ਇੰਨ੍ਹਾਂ ਦੀ, ਇਹ ਵੀ ਜਾਪੇ ਲੁਕਵਾਂ ਛਲ ਹੈ
ਕੁਝ ਦਿਨ ਤੋਂ ਜੋ ਬੁੱਢੇ ਬਗਲੇ ਅੱਖੀਂ ਅੱਥਰ ਚੁਕੀ ਫਿਰਦੇ।

ਸੜਦੀ ਬਲਦੀ ਭੋਂ ਇਹਨਾਂ ਤੋਂ ਪੱਲਾ ਅੱਡੀ ਪਾਣੀ ਮੰਗੇ
ਉਡਦੇ ਬੱਦਲ ਪੱਲੇ ਵਿੱਚ ਪਰ ਕਾਲੇ ਪੱਥਰ ਚੁਕੀ ਫਿਰਦੇ।

ਇੰਨ੍ਹਾਂ ਪਾਗਲਾਂ ਨੂੰ ਕਿੰਝ ਰੋਕਾਂ, ਕਿੰਝ ਅਹਿਸਾਸਾਂ ਨੂੰ ਸਮਝਾਵਾਂ
ਰਾਹਾਂ ਵਿੱਚ ਜੋ ਥਾਂ ਥਾਂ ਮੇਰਾ, ਜੀਊਂਦਾ ਸੱਥਰ ਚੁਕੀ ਫਿਰਦੇ।

• (NAIROBI, KENYA)

# ਮਾਮਲਾ ਗੜਬੜ ਹੈ

- ਗੁਰਦਾਸ ਮਾਨ ਦੇ ਨਾਂ -

(ਸੁਖਵੰਤ ਹੁੰਦਲ)

ਜਦੋਂ ਡਿਗਰੀ ਮੁੰਡੇ ਨੂੰ ਥਿਆਵੇ
ਧੱਕੇ ਵਿੱਚ ਦਫ਼ਤਰੀਂ ਖਾਵੇ
ਪਰ ਨੌਕਰੀ ਨਜ਼ਰ ਨਾਂ ਆਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਸੁਫ਼ਨਿਆਂ ਸੰਗ ਅਸਲੀਅਤ ਟਕਰਾਉਣ ਲੱਗੇ
ਆਸ ਮੁੰਡੇ ਤੋਂ ਬਾਪੂ ਦੀ ਮੁਰਝਾਉਣ ਲੱਗੇ
ਗੇੜੇ ਮੁੰਡਾ ਏਜੰਟਾਂ ਵੱਲ ਲਾਵੇ
ਖੇਤ ਬਾਪੂ ਦੇ ਗਹਿਣੇ ਟਿਕਾਵੇ
ਰੋਟੀ ਖ਼ਾਤਰ ਦੇਸ਼ ਛੱਡ ਜਾਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਸੁਫ਼ਨੇ ਰੋਜ਼ ਹੀ ਟੁੱਟਦੇ ਪਰਾਈ ਧਰਤੀ ਤੇ
ਬੋਲ ਨਸਲੀ ਹਵਾ ਨੂੰ ਟੁਕਦੇ ਪਰਾਈ ਧਰਤੀ ਤੇ
ਫਿਰ ਯਾਦ ਪਿੰਡ ਦੀ ਆਵੇ
ਮਨ ਪੀੜ ਨਾਲ ਕੁਰਲਾਵੇ
ਪਰ ਪੇਸ਼ ਕੋਈ ਨਾਂ ਜਾਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਮਿੱਲਾਂ ਵਿੱਚ ਮਜ਼ਦੂਰ ਦੀ ਛਾਂਟੀ ਹੋਣ ਲੱਗੇ
'ਕੰਮ ਨਹੀਂ' ਦਾ ਨੋਟਿਸ ਮਿਲ ਜਾਏ ਘਰ ਨੂੰ ਔਣ ਲੱਗੇ
ਰਾਤਾਂ ਨੂੰ ਨੀਂਦ ਨਾਂ ਆਵੇ
ਤੇ ਚਿੰਤਾ ਵੱਢ ਵੱਢ ਖਾਵੇ
ਕਿਤੇ ਆਸ ਨਜ਼ਰ ਨਾ ਆਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਮਾਲਕ ਰੋਜ਼ ਨਵੀਂ ਕਟੌਤੀ ਕਰਨ ਲੱਗਣ
ਮਜ਼ਦੂਰ ਦਾ ਹੱਕ ਰੋਕ, ਆਪਣੀ ਤਿਜੌਰੀ ਭਰਨ ਲੱਗਣ
ਜੇ ਮਜ਼ਦੂਰ ਆਵਾਜ਼ ਉਠਾਵੇ
ਡੰਡੇ ਨਾਲ ਸਰਕਾਰ ਦਬਾਵੇ
ਇੰਞ ਵਾੜ ਹੀ ਖੇਤ ਨੂੰ ਖਾਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਫਿਰਕੂ ਅੱਗ ਕਹਿਰ ਦੀ ਬਲਦੀ ਹੈ
ਲੋਕਾਂ ਉਪਰ ਧਰਮ ਦੀ ਗੋਲੀ ਚਲਦੀ ਹੈ
ਨਿੱਤ ਖ਼ਬਰ ਇਹੋ ਜਿਹੀ ਆਵੇ
ਅੱਗ ਰੋਜ਼ ਫੈਲਦੀ ਜਾਵੇ
ਤੇ ਕੋਈ ਗੀਤ ਇਸ਼ਕ ਦੇ ਗਾਵੇ
ਤਾਂ ਸਮਝੋ - ਮਾਮਲਾ ਗੜਬੜ ਹੈ।

ਜਦੋਂ ਡਿਗਰੀ ਮੁੰਡੇ ਨੂੰ ਥਿਆਵੇ
ਧੱਕੇ ਵਿੱਚ ਦਫ਼ਤਰੀਂ ਖਾਵੇ
ਪਰ ਨੌਕਰੀ ਨਜ਼ਰ ਨਾਂ ਆਵੇ
ਤਾਂ ਸਮਝੋ ਮਾਮਲਾ ਗੜਬੜ ਹੈ।

• (SURREY, B.C.)

# ਮੰਗਤੇ

(ਅਵਤਾਰ ਸਿੰਘ ਸਾਦਿਕ)

ਤੁਸੀਂ ਅੰਬਰ ਵੱਲ
ਕੀ ਤੱਕਦੇ ਹੋ?
ਅੰਬਰ ਤਾਂ ਕਦੋਂ ਦਾ
ਲੀਰੋ ਲੀਰ ਹੋ ਚੁੱਕਾ ਹੈ
ਉਸਦੀ ਮੁਰਦਾ ਰੂਹ ਤਾਂ
ਕਬਰਸਤਾਨਾਂ ਵਿੱਚ
ਭੂਤ-ਪ੍ਰੇਤ ਬਣ ਭਟਕਦੀ ਹੈ—
ਤੁਸੀਂ ਭਟਕਣਾਂ ਦੇ
ਜੰਗਲ-ਬੀਆਬਾਨਾਂ ਵਿੱਚ
ਹੁਣ ਤੱਕ
ਉਸ ਦੀ ਮੁਰਦਾ ਲਾਸ਼ ਨੂੰ
ਹਿੱਕ ਨਾਲ ਲਾਈ
ਕਿਹੜੇ ਮੁਰਦਿਆਂ ਦੀ
ਸੁੱਖ-ਸਾਂਦ ਲਈ
ਅੱਖਾਂ ਮੀਟੀ
ਅਰਦਾਸਾਂ ਕਰਦੇ ਹੋ
ਭੋਲਿਓ! ਇੰਞ ਤਾਂ ਕਦੇ
ਮੰਗਿਆਂ ਮੌਤ ਵੀ
ਨਹੀਂ ਮਿਲਦੀ
ਤੁਸੀਂ ਅੰਬਰ ਵੱਲ
ਕੀ ਤੱਕਦੇ ਹੋ?
ਅੰਬਰ ਤਾਂ ਕਦੋਂ ਦਾ
ਲੀਰੋ ਲੀਰ ਹੋ ਚੁੱਕਾ-

• (U.K.)

# ਮੇਰੇ ਵਿਚਾਰ ਪੁਰਾਣੇ ਹਨ

ਮੂਲ ਲੇਖਕ: ਇਰੀਸ ਪੀਟਰਸ

ਮੇਰੇ ਵਿਚਾਰ ਪੁਰਾਣੇ ਹਨ
- ਕਿਸੇ ਬਜ਼ੁਰਗ ਦੇ
ਸਫ਼ੈਦ ਵਾਲ਼ਾਂ ਦੀ ਤਰ੍ਹਾਂ
ਲੰਬੀ ਦਾੜ੍ਹੀ ਦੇ ਤਜਰਬੇ ਵਾਂਗ... ...
- ਕਿਸੇ ਬਹੁਤ ਪੁਰਾਣੇ ਦਰਖ਼ਤ ਦੀਆਂ
ਉਲਝੀਆਂ ਟਾਹਣੀਆਂ ਵਾਂਗ
ਤੇ ਦੂਰ ਤੱਕ ਫੈਲੀਆਂ ਹੋਈਆਂ
ਬੇ-ਤਰਤੀਬੀਆਂ ਜੜ੍ਹਾਂ ਵਾਂਗ... ...
ਮੇਰੇ ਵਿਚਾਰ ਪੁਰਾਣੇ ਹਨ
- ਕਿਸੇ ਨਦੀ ਦੀ ਤਰ੍ਹਾਂ
ਜਿਸਦੇ ਦੂਰ ਦੂਰ ਕਿਨਾਰੇ
ਬਹੁਤ ਪੁਰਾਣੇ ਸੋਮੇ ਤੋਂ
ਸੁਰੀਲੀ ਆਵਾਜ਼ ਨਾਲ ਵਗ ਰਿਹਾ ਪਾਣੀ
- ਕਿਸੇ ਜਵਾਲਾਮੁਖੀ ਪਹਾੜ ਵਾਂਗ
ਜੋ ਅਡੋਲ ਖੜ੍ਹੋਤਾ ਹੋਵੇ
ਉਸਦਾ ਅਚਾਨਕ ਹੀ ਫਟ ਜਾਣਾ
ਮੇਰੇ ਵਿਚਾਰ ਪੁਰਾਣੇ ਹਨ
- ਸਾਰੀ ਦੀ ਸਾਰੀ ਮਨੁੱਖ ਜਾਤੀ ਵਾਂਗ
ਕਦੇ ਫੁੱਲ ਵਾਂਗ ਖਿੜਨਾ
ਤੇ ਮੁਰਝਾ ਜਾਣਾ... ... ... ...

[ਪੰਜਾਬੀ ਰੂਪ: ਕੇਹਰ ਸ਼ਰੀਫ਼]

• (WEST GERMANY)

# ਅੱਗ ਦੇ ਆਗੂ

(ਨਾਜਰ ਸਿੰਘ ਤਰਸ)

ਅੱਗੇ ਆਪ ਤੁਰਦੇ ਪਿੱਛੇ ਤੁਰਨ ਲੋਕੀ,
ਲੋਕੀ ਆਖਦੇ ਇਹਨਾਂ ਨੂੰ ਤਾਂ ਆਗੂ।
ਪਿੱਛੋਂ ਦੇਖਦੇ ਭੂਤਰੇ ਸਾਹਨ ਵਾਂਗੂੰ,
ਪਹਿਲਾਂ ਹੁੰਦੇ ਗਰੀਬੜੀ ਗਾਂ ਆਗੂ।
ਹਾਂ ਇਹਨਾਂ ਦੀ ਵਿੱਚ ਵੀ ਨਾਂਹ ਹੁੰਦੀ,
ਉਂਞ ਸਭ ਨੂੰ ਕਰਦੇ ਨੇ ਹਾਂ ਆਗੂ।
ਉੱਲੂ ਆਪਣੇ ਨੂੰ ਸਿੱਧਾ ਕਰਨ ਖ਼ਾਤਰ,
ਨੱਠੇ ਫਿਰਦੇ ਥਾਂ-ਕੁਥਾਂ ਆਗੂ।

ਉਹਨੂੰ ਨਾਲ ਕੁਹਾੜੇ ਦੇ ਵੱਢਦੇ ਨੇ,
ਜਿਹੜੇ ਰੁੱਖ ਦੀ ਮਾਣਦੇ ਛਾਂ ਆਗੂ।
ਜਿੱਧਰ ਜਾਂਵਦੇ ਅੱਗ ਲਗਾਈ ਜਾਂਦੇ,
'ਤਰਸ' ਤਾਂ ਹੀ ਹੈ ਇਹਨਾਂ ਦਾ ਨਾਂ ਆਗੂ।

• (PUNJAB, INDIA)

ਕਹਾਣੀ:

# ਚਮਤਕਾਰ

ਅਵਤਾਰ ਗਿੱਲ

---

"ਓਇਓ ! ਕਮਰਕੱਸੇ ਕਰ ਲਵੋ। ਬਾਤਾਂ ਪਾਉਣ ਦਾ ਵਕਤ ਲੰਘ ਗਿਆ ਹੈ। ਸਰਕਾਰੀ ਅਜੰਟਾਂ ਨੇ ਅੱਤ ਚੁੱਕ ਲਈ ਐ। ਆਪਾਂ ਮਿੱਟੀ ਦੇ ਬਾਵੇ ਬਣ ਕੇ ਕਿੰਨੀ ਕੁ ਦੇਰ ਬੈਠੇ ਰਹਾਂਗੇ ? ਸਮਾਂ ਆ ਗਿਆ ਐ ਕਿ ਦੁਸ਼ਟਾਂ ਨੂੰ ਸੋਧਣ ਦੀ ਮੁਹਿੰਮ ਆਰੰਭੀ ਜਾਵੇ। ਆਪਣੇ ਇਸੇ ਸ਼ਹਿਰ ਤੋਂ......।"

"ਹੈਂ ?..... ਆਪਣੇ ਸ਼ਹਿਰ ਤੋਂ ?" ਕੁਝ ਆਵਾਜ਼ਾਂ ਉੱਭਰੀਆਂ।

"ਹਾਂ, ਆਪਣੇ ਸ਼ਹਿਰ ਤੋਂ।" ਬਹਾਦਰ ਸਿੰਘ ਖੱਖੜ ਦਾ ਖ਼ੂਨ ਖੌਲਣ ਲੱਗਾ, "ਆਪਣੇ ਸ਼ਹਿਰ ਵਿਚ ਦੋ ਮਨਮੱਤੀਏ ਹਨ। ਜਦੋਂ ਤੱਕ ਆਪਾਂ ਇਨ੍ਹਾਂ ਦਾ ਕਲਿਆਣ ਨਹੀਂ ਕਰ ਦਿੰਦੇ, ਇਨ੍ਹਾਂ ਨੇ ਰਾਸ ਨਹੀਂ ਆਉਣਾ।

"ਕਤਲ ?"

"ਹਾਂ, ਹਾਂ ਕਤਲ। ਪਰ ਆਪਾਂ ਇਨ੍ਹਾਂ ਨੂੰ ਆਪਣਾ ਪੜ੍ਹਿਆ ਵਿਚਾਰਨ ਦਾ ਮੌਕਾ ਜ਼ਰੂਰ ਦਿਆਂਗੇ।"

"ਪਰ ਇਹ ਦੋਵੇਂ ਹਨ ਕੌਣ ਕੌਣ ?" ਵਿਚੋਂ ਕਿਸੇ ਨੇ ਪੁੱਛਿਆ।

"ਦੱਸਦਾਂ, ਦੱਸਦਾਂ। ਜ਼ਰਾ ਧੀਰਜ ਰੱਖੋ ਸੂਰਮਿਓ, ਸਭ ਦੱਸਦਾਂ। ਨੰਬਰ ਇਕ ਤਾਂ ਹੈ ਕਾਮਰੇਡਾਂ ਦਾ ਗੁਰੂ ਘੰਟਾਲ, ਮਾਰਕਸ ਦਾ ਪੂਤਰਾ ਕਹਿੰਦਾ ਹੈ ਧਰਮ ਤਾਂ ਹੈ ਈ ਨਿਰੀ ਅਫ਼ੀਮ। ਅਸਲ ਲੜਾਈ ਤਾਂ ਹੈ ਈ ਦੋ ਜਮਾਤਾਂ ਵਿਚਕਾਰ। ਲੁੱਟਣ ਵਾਲੀ ਜਮਾਤ, ਲੁੱਟ ਹੋਣ ਵਾਲੀ ਜਮਾਤ। ਆਖਦਾ ਹੈ, ਹਾਕਮ ਜਮਾਤਾਂ ਲੋਕਾਂ ਨੂੰ ਘੁੱਘੂ ਬਣਾਉਣ ਲਈ ਧਰਮ ਨੂੰ ਇਕ ਹਥਿਆਰ ਵਜੋਂ ਵਰਤਦੀਆਂ ਹਨ। ਹਨੇਰ ਸਾਈਂ ਦਾ, ਸਾਡੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ, ਇਹ ਰੂਸੀ ਅਜੰਟਾਂ ਦੀ ਧਾੜ ਹੋਰ ਈ ਅਵਲ-ਟਪਲੀਆਂ ਮਾਰੀ ਜਾਂਦੀ ਐ।"

"ਪਰ ਇਹ ਕਾਮਰੇਡ ਹੈ ਕੌਣ ? ਨਾਂ ਤਾਂ ਲਵੋ।"

"ਨਹੀਂ, ਇੱਥੇ ਨਾਂ ਲੈਣਾ ਵਾਜਬ ਨਹੀਂ। ਇਸ ਦਾ ਜ਼ਿਕਰ ਗੁਪਤ ਮੀਟਿੰਗ ਵਿਚ ਕੀਤਾ ਜਾਵੇਗਾ। ਸਾਰੇ ਪਰਦੇ ਚੁੱਕ ਦਿੱਤੇ ਜਾਣਗੇ।-----ਤੇ ਹਾਂ, ਦੂਜਾ ਭੱਦਰ ਪੁਰਸ਼ ਐ ਇਕ ਕਲਮ ਘਸੀਟ। ਆਪਣੇ ਆਪ ਨੂੰ ਸਾਹਿਤਕਾਰ ਦੱਸਦਾ ਐ। ਅਮਨ ਦੀਆਂ ਬਾਤਾਂ ਪਾਉਂਦਾ ਐ, ਏਕਤਾ ਦੀਆਂ ਕਹਾਣੀਆਂ ਘੜਦਾ ਐ। ਸ਼ੇਰ ਬੱਕਰੀ ਦਾ ਕੋਈ ਅੰਤਰ ਨਹੀਂ ਜਾਣਦਾ। ਇਸ ਮੋਮਣੇ ਨੂੰ ਕੋਈ ਪੁੱਛੇ, ਕੱਦੇ ਬਾਘ ਵੀ ਪਿੰਜਰੇ ਪਏ ਐ ? ਬਹਾਦਰੋ! ਆਪਾਂ ਬੁਜ਼ਦਿਲਾਂ ਵਾਲਾ ਐਕਸ਼ਨ ਹਰਗਿਜ਼ ਨਹੀਂ ਕਰਾਂਗੇ। ਪਹਿਲਾਂ ਇਸ ਦੋਗਲੇ ਨੂੰ ਹਲਕਾ ਜਿਹਾ ਚਾਣਟਾ ਛਕਾਵਾਂਗੇ। ਬਾਜ਼ ਨਾ ਆਉਣ ਦੀ ਸੂਰਤ ਵਿੱਚ ਗੱਡੀ ਚਾੜ੍ਹ ਦਿਆਂਗੇ।"

'ਦੁਸ਼ਟ ਸੋਧੂ ਦੱਲ' ਦੀ ਇਸ ਮੀਟਿੰਗ ਵਿਚ ਜਿੰਨੇ ਵੀ ਕਾਰਕੁਨ ਆਏ ਸਨ, ਸਾਰਿਆਂ ਦੀਆਂ ਉਂਗਲਾਂ ਦੰਦਾਂ ਵਿਚਾਲੇ ਆ ਗਈਆਂ। ਇੰਨੇ ਭੇਦ ਭਰੇ ਢੰਗ ਨਾਲ ਇਹ ਮੀਟਿੰਗ ਹੋਈ ਸੀ ਕਿ ਸ਼ੱਕੀ ਕਿਸਮ ਦਾ ਇਕ ਵੀ ਬੰਦਾ ਅੰਦਰ ਨਹੀਂ ਸੀ ਆਉਣ ਦਿੱਤਾ ਗਿਆ। ਫਿਰ ਖੱਖੜ ਸਾਹਿਬ ਵਲੋਂ ਦੋਹਾਂ ਵਿਰੋਧੀ ਵਿਅਕਤੀਆਂ ਦੇ ਨਾਂ ਲੈਣ ਤੋਂ ਹਿਚਕਚਾਹਟ ਅਤੇ ਅਗਲੀ ਗੁਪਤ ਮੀਟਿੰਗ ਦਾ ਜ਼ਿਕਰ ਸ਼ਰੇਆਮ ਕਰਨ ਕਰਕੇ ਡੇਢ ਕੁ ਦਰਜਣ ਹਾਜ਼ਰ ਮੈਂਬਰਾਂ ਵਿਚਾਲੇ ਕਾਨਾਫੂਸੀਆਂ ਛਿੜ ਪਈਆਂ। ਹਰ ਕੋਈ ਇਕ ਦੂਜੇ ਨੂੰ ਬੇਭਰੋਸਗੀ ਦੀ ਨਿਗਾਹ ਨਾਲ ਦੇਖਣ ਲੱਗਾ।

ਇਕ ਕਾਰਕੁਨ ਖੱਖੜ ਸਾਹਿਬ ਦੇ ਲਾਗੇ ਜਾ ਕੇ ਆਜਜ਼ੀ ਨਾਲ ਪੁੱਛਣ ਲੱਗਾ, "ਖੱਖੜ ਸਾਹਿਬ, ਜੇ ਆਹ ਵੱਖਰੀ ਮੀਟਿੰਗ ਦਾ ਢ-ਕੂਣਾ ਨਾ ਪਾਉਂਦੇ ? ਇੱਥੇ ਹੀ ਗੁੱਥੀ ਖੋਲ੍ਹ ਦਿੰਦੇ ?"

"ਉਏ ਸੁਰਜਣ ਸਿੰਘਾ, ਕਿਵੇਂ ਖੋਲ੍ਹ ਦਈਏ ਗੁੱਥੀ ਇੱਥੇ ? ਸਾਡੇ ਮੈਂਬਰਾਂ ਵਿਚੋਂ ਕੋਈ ਵੀ ਇਨ੍ਹਾਂ ਦੁਸ਼ਟਾਂ ਦਾ ਤਾਈ ਭਤੀਜਾ, ਰਿਸ਼ਤੇਦਾਰ, ਸੱਜਣ-ਮਿੱਤਰ ਨਿਕਲ ਸਕਦਾ ਐ। ਇਹੋ ਪੁਣ-ਛਾਣ ਆਪਾਂ ਅਗਲੀ ਮੀਟਿੰਗ ਤੋਂ ਪਹਿਲਾਂ ਕਰਨੀ ਹੈ। ਇਕ ਵਾਰ ਗੱਲ ਬਾਹਰ ਗਈ, ਸ਼ਿਕਾਰ ਹੱਥੋਂ ਗਿਆ।"

"ਮੇਰਾ ਤਾਂ ਖਿਆਲ ਐ ਇੱਦਾਂ ਸਗੋਂ ਚੰਗਾ ਰਹੂ, ਜੇ ਆਪਣੇ ਕਿਸੇ ਬੰਦੇ ਦੇ ਇਨ੍ਹਾਂ ਨਾਲ ਸਬੰਧ ਨਿਕਲ ਆਉਣਗੇ, ਗੱਲ ਵਧਾਉਣ ਨਾਲੋਂ ਉਰੇ ਉਰੇ ਨਿਪਟਾਰਾ ਹੋ ਜਾਵੇਗਾ।"

"ਮੈਨੂੰ ਐਂ ਲੱਗਦਾ ਐ," ਖੱਖੜ ਸਾਹਿਬ ਸੁਰਜਣ ਸਿੰਘ ਨੂੰ ਇਕ ਪਾਸੇ ਕਰਕੇ ਆਖਣ ਲੱਗੇ "ਸੁਰਜਨ ਸਿੰਘਾ, ਤੂੰ ਜਰਕ ਗਿਆ ਐਂ। ਆਪਾਂ ਪਹਿਲੀ ਸ਼ਰਤ ਹੀ ਇਹੋ ਰੱਖੀ ਸੀ: ਸਿਰ ਧਰ ਤਲੀ, ਗਲੀ ਮੇਰੀ ਆਉ।"

ਕਈ ਹੋਰ ਬੰਦੇ ਕੋਲ ਆ ਜੁੜੇ ਸਨ। ਸੁਰਜਣ ਸਿੰਘ ਚੁਪ ਸਾਧ ਗਿਆ। ਮੀਟਿੰਗ ਬਰਖਾਸਤ ਹੋਣ ਉਤੇ 'ਦੋ ਕੌਣ ?' ਪ੍ਰਸ਼ਨ ਮੱਥਿਆਂ ਵਿਚ ਲਟਕਾਈ 'ਦੁਸ਼ਟ ਸੋਧੂ ਦੱਲ' ਦੇ ਸਾਰੇ ਮੈਂਬਰ ਘਰੋ ਘਰੀ ਚਲੇ ਗਏ।

ਬਹਾਦਰ ਸਿੰਘ ਖੱਖੜ ਨੇ ਪੂਰੀ ਛਾਣ-ਬੀਣ ਤੋਂ ਬਾਹਦ ਕੁਝ ਕੁ ਖਾਸ ਵਿਸ਼ਵਾਸ ਪਾਤਰਾਂ ਨੂੰ ਆਪਣੇ ਘਰ ਸੱਦ ਲਿਆ। ਤਿੰਨਾਂ ਤਿੰਨਾਂ ਬੰਦਿਆਂ ਦੇ ਦੋ ਗਰੁੱਪ ਬਣਾ ਕੇ ਇਕ ਇਕ ਬੰਦਾ ਉਨ੍ਹਾਂ ਦੇ ਜ਼ਿੰਮੇ ਲਾ ਦਿੱਤਾ। ਪੁੱਲਸ ਹੱਥ ਨਾ ਆਉਣ ਦੀ ਪੂਰੀ ਤਾਕੀਦ ਕਰ ਦਿੱਤੀ।

ਇਨ੍ਹਾਂ ਬੰਦਿਆਂ ਦੇ ਚਲੇ ਜਾਣ ਪਿਛੋਂ ਬਹਾਦਰ ਸਿੰਘ ਦੀ ਘਰ ਵਾਲੀ ਨੇ ਪੁੱਛਿਆ, "ਖੱਖੜ ਸਾਅਬ, ਸਾਰੇ ਕੰਮ ਤੁਸੀਂ ਹੋਰਨਾਂ ਨੂੰ ਸੰਭਾਲ ਦਿੱਤੇ, ਆਪਣੇ ਜ਼ਿੰਮੇ ਕੋਈ ਵੀ ਨਹੀਂ ਲਿਆ ?"

"ਗੁਰਮੀਤ ਕੌਰੇ, ਜਰਨੈਲ ਛੋਟੀਆਂ ਛੋਟੀਆਂ ਮੁਠ-ਭੇੜਾਂ ਵਿਚ ਨਹੀਂ ਜਾਇਆ ਕਰਦੇ। ਵੱਡੀਆਂ ਵੱਡੀਆਂ ਮੁਹਿੰਮ ਫਤਹਿ ਕਰਿਆ ਕਰਦੇ ਹਨ।"

"ਅੱਛਾ -- ਆ ! ਕਿਹੜੀ ਮੁਹਿੰਮ ਫਤਹਿ ਕਰਨ ਜਾ ਰਹੇ ਹੋ ਤੁਸੀਂ ?" ਗੁਰਮੀਤ ਕੌਰ ਖੱਖੜ ਸਾਹਿਬ ਦਾ ਉੱਤਰ ਸੁਣ ਕੇ ਦੰਗ ਰਹਿ ਗਈ।

"ਮੈਂ----ਮੈਂ ਇੰਡਿਆ ਜਾ ਰਿਹਾ ਹਾਂ, ਕੁਝ ਹਫਤਿਆਂ ਤਕ। ਉਥੇ ਪੰਜਾਬ ਵਿਚ ਵੀ ਦੁਸ਼ਟ ਸੋਧੂ ਮੁਹਿੰਮ ਚਲੀ ਹੋਈ ਐ। ਮੈਂ ਉੱਥੇ

ਜਾ ਕੇ ਦੋਂਹ ਚਹੁੰ ਦੁਸ਼ਟਾਂ ਨੂੰ ਗੱਡੀ ਚਾੜ੍ਹ ਕੇ ਆਵਾਂਗਾ। ਫਿਰ ਸਾਰੇ ਕਨੇਡਾ ਵਿਚ,----- ਨਹੀਂ, ਨਹੀਂ, ਸਾਰੇ ਸੰਸਾਰ ਵਿਚ ਮੇਰੇ ਨਾਂ ਦੀਆਂ ਧੁੰਮਾਂ ਪੈ ਜਾਣ ਗੀਆਂ। ਫਿਰ ਦੇਖਾਂਗਾ ਮੈਂ 'ਤੁਰਦੇ ਫਿਰਦੇ ਸ਼ਹੀਦ' ਨੂੰ, ਕਿਵੇਂ ਮੇਰਾ ਮੁਕਾਬਲਾ ਕਰਦਾ ਐ।"

"ਤੁਹਾਡਾ ਭਲਾ ਉਹਦੇ ਨਾਲ ਮੁਕਾਬਲਾ ਕਾਹਦਾ? ਤੁਹਾਡੇ ਪੱਲੇ ਲੰਮੇ ਲੰਮੇ ਭਾਸ਼ਣਾਂ ਤੋਂ ਬਿਨਾਂ ਹੈ ਕੀ? ਉਹ ਸੁਣਿਆਂ ਐ, ਜਦੋਂ ਦਾ 'ਸ਼ਹੀਦ' ਬਣਿਆਂ ਐ, ਲੱਖਾਂ 'ਚ ਖੇਡਦਾ ਐ।"

"ਜਿਹੜਾ ਉਹ ਕੱਦੂ 'ਚ ਤੀਰ ਮਾਰ ਕੇ ਆਇਆ ਗੁਰਮੀਤ ਕੌਰੇ, ਮੈਥੋਂ ਬਾਹਰਾ ਨਹੀਂ। ਕਦੇ ਦਾਈਆਂ ਕੋਲੋਂ ਵੀ ਪੇਟ ਗੁੱਝੇ ਰਹੇ ਐ? ਅਜੇ ਪਿਛਲੇ ਸਾਲ ਮੇਰੇ ਮਗਰ ਕਤੂਰੇ ਵਾਂਗ ਤੁਰਿਆ ਫਿਰਦਾ ਸੀ। ਮੈਨੂੰ ਇਕ ਵਾਰ ਜਾ ਲੈਣ ਦੇ ਇੰਡੀਆ, ਫੇਰ ਵੇਖੀ ਮੈਂ ਕੀ ਕੀ ਚਮਤਕਾਰ ਕਰਕੇ ਆਉਂਦਾ ਹਾਂ।"

"ਕਿਤੇ ਇੱਦਾਂ ਨਾ ਹੋਵੇ, ਸ਼ੇਰਾਂ ਦੀਆਂ ਮਾਰਾਂ, ਗਿੱਦੜ ਕਰਨ ਕਲੋਲ।"

"ਤੂੰ ਮੇਰਾ ਪੰਜਾ ਨਹੀਂ ਦੇਖਿਆ ਗੁਰਮੀਤ ਕੌਰੇ, ਨਾ ਦੇਖੀ ਐ ਪੰਜੇ ਦੀ ਪਕੜ। ਮੇਰੇ ਕਾਰਨਾਮਿਆਂ ਦੀਆਂ ਘਰ ਘਰ ਗੱਲਾਂ ਹੋਣ ਗੀਆਂ। ਦੇਸ਼ਾਂ ਦੇਸ਼ਤਰਾਂ ਵਿਚ ਚਰਚੇ ਹੋਣਗੇ। ਚੀਚੀ ਨੂੰ ਲਹੂ ਲਾ ਕੇ ਬਣਨ ਵਾਲੇ 'ਸ਼ਹੀਦ' ਮੇਰੀਆਂ ਸੂਰਮਗਤੀਆਂ ਦੇ ਕਿੱਸੇ ਸੁਣ ਸੁਣ ਕੇ ਬੁੱਕਲ ਵਿਚ ਮੂੰਹ ਲਕੋਇਆ ਕਰਨਗੇ।"

ਗੁਰਮੀਤ ਕੌਰ ਅਲੌਕਿਕ ਖੁਸ਼ੀ ਵਿਚ ਸ਼ਰਸ਼ਾਰ ਹੋ ਗਈ। ਵੱਡਾ ਸਾਰਾ ਘਰ, ਨਵੀਂ ਨਕੋਰ ਕਾਰ, ਅੱਗੇ ਪਿੱਛੇ ਹੁੰਦੀ 'ਬੋਲੇ ਸੋ ਨਿਹਾਲ'— ਉਹ ਕਿਸੇ ਸੁਪਨਮਈ ਦੁਨਿਆਂ ਵਿਚ ਵਿਚਰਨ ਲੱਗੀ।

ਖੱਖੜ ਸਾਹਿਬ ਨੇ ਅਗਲੀ ਮੀਟਿੰਗ ਫਿਰ ਆਪਣੇ ਘਰ ਬੁਲਾ ਲਈ। ਸਭ ਤੋਂ ਪਹਿਲਾਂ ਦੋਹਾਂ ਗਰੁੱਪਾਂ ਨੇ ਆਪੋ ਆਪਣੀ ਕਾਰਗੁਜ਼ਾ-ਰੀ ਦੀ ਰਿਪੋਰਟ ਖੱਖੜ ਸਾਹਿਬ ਨੂੰ ਦਿੱਤੀ। ਪਹਿਲੇ ਗਰੁੱਪ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਹਿੱਸੇ ਆਏ ਸ਼ਿਕਾਰ ਨੂੰ ਉਸ ਸਮੇਂ ਕਾਬੂ ਕੀਤਾ ਜਦੋਂ ਸਵੇਰ ਸਾਰ ਉਹ ਆਪਣੀ ਕਾਰ ਬਾਹਰ ਕੱਢਣ ਲਈ ਗਰਾਜ ਦੀ ਡੋਰ ਖੋਲ੍ਹ ਰਿਹਾ ਸੀ। ਹਾਕੀਆਂ ਅਤੇ ਘਸੁੰਨਾਂ ਨਾਲ ਕੁੱਟ ਮਾਰ ਕਰਨ ਤੋਂ ਬਾਅਦ ਉਸਨੂੰ ਨਸੀਹਤ ਕੀਤੀ ਕਿ ਜੇ ਉਹਨੇ ਉਨ੍ਹਾਂ ਦੇ ਦਲ ਦੀ ਜੈ-ਜੈ-ਕਾਰ ਨਾ ਕੀਤੀ ਤਾਂ ਉਸਨੂੰ ਸੋਧ ਦਿੱਤਾ ਜਾਵੇਗਾ। ਦੂਜੇ ਗਰੁੱਪ ਨੇ ਆਪਣੇ ਹਿੱਸੇ ਆਏ ਕਿਸੇ ਲੇਖਕ ਨੂੰ ਉਹਦੇ ਆਪਣੇ ਹੀ ਘਰ ਉਹਦੀ ਪਤਨੀ ਅਤੇ ਬੱਚਿਆਂ ਦੇ ਸਾਹਮਣੇ ਦਹਿਸ਼ਤਜ਼ਦਾ ਕਰਨ ਦੀ ਕਹਾਣੀ ਮਸਾਲੇ ਲਾ ਲਾ ਕੇ ਸੁਣਾਈ ਅਤੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਉਸ ਲੇਖਕ ਨੂੰ ਚਿਤਾਵਨੀ ਦਿੱਤੀ ਹੈ ਕਿ ਅਗੋਂ ਤੋਂ ਉਹ ਸਿਰਫ਼ ਉਨ੍ਹਾਂ ਦੇ ਦਲ ਦੇ ਕਾਰਨਾਮਿਆਂ ਦੀ ਢਾਡੀ ਵਾਰਾਂ ਹੀ ਲਿਖਿਆ ਕਰੇ।

ਦੋਹਾਂ ਗਰੁੱਪਾਂ ਨੇ ਆਪਣੇ ਸਾਂਝੇ ਬਿਆਨ ਵਿਚ ਦੱਸਿਆ ਕਿ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ ਇਹ ਬੰਦੇ, ਉਨ੍ਹਾਂ ਵਲੋਂ ਬੇ-ਥਾਹ ਤਸ਼ੱਦਦ ਢਾਉਣ ਦੇ ਬਾਵਜੂਦ ਵੀ ਇਨ੍ਹਾਂ ਨੇ ਆਪਣਾ ਮੂੰਹ ਬੰਦ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ। ਜੇ ਇਨ੍ਹਾਂ ਨੂੰ ਖਤਮ ਨਾ ਕੀਤਾ ਗਿਆ ਤਾਂ ਇਹੋ ਜਿਹੇ ਹੋਰ ਕਈ ਸਿਰੀਆਂ ਚੁੱਕ ਸਕਦੇ ਹਨ। ਜਦੋਂ ਗੱਲ ਇਸ ਮੁਕਾਮ ਉਤੇ ਪਹੁੰਚੀ, ਖੱਖੜ ਸਾਹਿਬ ਭੜਕ ਉਠੇ, "ਅਸੀਂ ਸਿਰੀਆਂ ਚੱਕਣ ਤੋਂ ਪਹਿਲਾਂ ਹੀ ਸੱਪਾਂ ਨੂੰ ਕੁਚਲ ਦਿਆਂਗੇ।" ਥੋੜ੍ਹਾ ਜਿਹਾ ਸੰਜੀਦਾ ਹੋ ਕੇ ਉਹ ਬੋਲੇ, "ਇਸ ਤੋਂ ਪਹਿਲਾਂ ਕਿ ਅਸੀਂ ਇੱਥੇ ਇਸ ਤਰ੍ਹਾਂ ਦਾ ਕੋਈ ਸੰਗੀਨ ਸ-ਟੈੱਪ ਲਈਏ, ਮੈਨੂੰ ਹਾਈ ਕਮਾਂਡ ਵਲੋਂ ਇੰਡੀਆ ਜਾਣ ਦਾ ਹੁਕਮ ਹੋਇਆ ਹੈ। ਉਥੇ ਰਣਖੇਤਰ ਵਿਚ ਜੂਝ ਰਹੇ ਸੂਰਿਆਂ ਦੀਆਂ ਗਤੀ ਵਿਧੀਆਂ ਦੇ ਅਧਿਐਨ ਦਾ ਕੰਮ ਮੇਰੇ ਜ਼ਿੰਮੇ ਲੱਗਾ ਹੈ। ਮੇਰੇ ਵਾਪਸ ਪਰਤਣ ਤੇ ਹੀ ਇਥੇ 'ਦੁਸ਼ਟ ਸੋਧੂ ਮੁਹਿੰਮ' ਵਿੱਢੀ ਜਾਵੇ। ਮੈਨੂੰ ਹਾਈ ਕਮਾਂਡ ਦਾ ਹੁਕਮ ਸਿਰ ਮੱਥੇ ਸਵੀਕਾਰ ਹੈ। ਅੱਗੇ ਜਿਵੇਂ ਤੁਹਾਨੂੰ ਸਾਰੇ ਦਲ ਨੂੰ ਮੰਨਜ਼ੂਰ ਹੋਵੇ। ਮੈਂ ਤਾਂ ਪੰਥ ਦਾ ਇਕ ਨਿਮਾਣਾ ਜਿਹਾ ਕੂਕਰ ਹਾਂ। ਅਰਦਾਸ ਹੈ, ਦਾਤਾਰ ਪਿਤਾ ਘਾਲਣਾ ਥਾਏਂ ਪਾਉਣ।

ਦਲ ਨੇ ਜੈਕਾਰਾ ਛੱਡ ਦਿੱਤਾ। ਕਿਰਾਏ ਭਾੜੇ ਦਾ ਪ੍ਰਬੰਧ ਹੋਣ ਲੱਗਾ।

"ਖੱਖੜ ਸਾਹਿਬ, ਇਕ ਗੱਲ ਮੇਰੇ ਖਾਨੇ ਨਹੀਂ ਪਈ। ਭਲਾ ਇਥੇ ਕਨੇਡੇ ਵਿਚ ਹਾਈਕਮਾਂਡ ਕੌਣ ਹੈ?"

"ਗੁਰਮੀਤ ਕੌਰੇ ਕਿਹੜੀ ਹਾਈਕਮਾਂਡ?" ਜਾਪਦਾ ਸੀ ਖੱਖੜ ਸਾਹਿਬ ਸਭ ਕੁਝ ਭੁੱਲ ਭੁਲਾ ਗਏ ਸਨ।

"ਉਹੀ, ਜਿਹਨੇ ਤੁਹਾਨੂੰ ਇੰਡੀਆ ਜਾਣ ਦਾ ਹੁਕਮ ਦਿੱਤਾ ਹੈ?"

"ਉਹ! ਅੱਛਾ! ਉਹ ਤਾਂ ਇਕ ਸਟੰਟ ਸੀ ਗੁਰਮੀਤ ਕੌਰੇ। ਇਹ ਕੈਨੇਡਾ ਐ। ਇੱਥੇ ਜਿੱਡਾ ਵੱਡਾ ਕੋਈ ਪੜਪੰਚ ਰਚਾਉਂਦਾ ਐ, ਉੱਡਾ ਵੱਡਾ ਲੀਡਰ ਅਖਵਾਉਂਦਾ ਐ।"

"ਤੁਹਾਨੂੰ ਚਕਵੰਜ ਬਣਾਉਣ ਦੀ ਭਲਾ ਕੀ ਲੋੜ ਹੈ ਖੱਖੜ ਸਾਹਿਬ? ਜਾਣਾ ਤਾਂ ਤੁਸੀਂ ਕਾਰਨਾਮੇ ਕਰਨ ਐਂ?"

"ਤੂੰ ਨਹੀਂ ਜਾਣਦੀ ਗੁਰਮੀਤ ਕੌਰੇ, ਮੰਜ਼ਲ ਉਤੇ ਪਹੁੰਚਣ ਲਈ ਛੱਤੀ ਸੌ ਪਾਪੜ ਵੇਲਣੇ ਪੈਂਦੇ ਹਨ। ਇਗਨ ਦੇ ਖੁਮੀਨੀ ਦੀ ਮਿਸਾਲ ਲੈ ਲੈ। ਕਿਨ੍ਹਾਂ ਕਿਨ੍ਹਾਂ ਝੱਖੜਾਂ ਵਿਚੋਂ ਦੀ ਨਹੀਂ ਲੰਘਿਆ ਉਹ? ਕਿਹੜੀ ਕਿਹੜੀ ਪੈਂਤੜੇਬਾਜ਼ੀ ਨਹੀਂ ਅਪਣਾਈ ਉਹਨੇ? ਚੌਦਾਂ ਪੰਦਰਾਂ ਸਾਲ ਤੁਰਕੀ, ਇਰਾਕ ਅਤੇ ਫਰਾਂਸ ਵਿਚ ਘਰੋਂ ਬੇਘਰ ਹੋ ਕੇ ਭਟਕਦਾ ਰਿਹਾ, ਤਾਂ ਕਿਤੇ ਜਾ ਕੇ ਉਹਨੂੰ ਸਫਲਤਾ ਪ੍ਰਾਪਤ ਹੋਈ।"

"ਜੇ ਇੰਡੀਆ ਗਏ ਫੜੇ ਗਏ?"

"ਕਨੇਡੀਅਨ ਸਿਟੀਜ਼ਨਸ਼ਿੱਪ ਕਿਹੜੀ ਮਰਜ਼ ਦੀ ਦਵਾ ਐ?"

"ਕਿਸੇ ਐਕਸ਼ਨ ਦੇ ਸੰਬੰਧ ਵਿਚ ਕਾਬੂ ਆ ਗਏ ਤਾਂ ਸਿਟੀਜ਼ਨਸ਼ਿਪ ਕੀ ਕਰੂ?"

"ਐਕਸ਼ਨ, ਐਕਸ਼ਨ, ਐਕਸਨ। ਗੁਰਮੀਤ ਕੌਰੇ ਤੈਨੂੰ ਕਿਵੇਂ ਸਮਝਾਵਾਂ? ਤੂੰ ਸਮਝਦੀ ਕਿਉਂ ਨਹੀਂ?"

"ਆਪੇ ਤਾਂ ਕਹਿੰਦੇ ਸੀ ਕਿ ਤੁਸੀਂ ਕੋਈ ਚਮਤਕਾਰ ਕਰਨ ਜਾਣਾ ਹੈ?"

"ਚਮਤਕਾਰ ਕੀਤੇ ਨਹੀਂ ਜਾਂਦੇ ਗੁਰਮੀਤ ਕੌਰੇ, ਬੱਸ, ਹੋ ਜਾਂਦੇ ਹਨ। ਦੇਖਦੀ ਜਾਹ----।"

ਗੁਰਮੀਤ ਕੌਰ ਨੂੰ ਕੋਈ ਸਮਝ ਨਾ ਪਈ ਕਿ ਖੱਖੜ ਸਾਹਿਬ ਦੇ ਇਨ੍ਹਾਂ ਬੋਲਾਂ ਦੇ ਉਹ ਕਿਹੜੇ ਅਰਥ ਕੱਢੇ।

ਬਹਾਦਰ ਸਿੰਘ ਖੱਖੜ ਨੇ ਪਿਛਲੇ ਥੋੜ੍ਹੇ ਜਹੇ ਅਰਸੇ ਵਿਚ ਕਈ ਕਲਾਬਾਜ਼ੀਆਂ ਖਾਧੀਆਂ ਸਨ। ਜਦੋਂ ਤੋਂ 'ਤੁਰਦੇ ਫਿਰਦੇ-ਸ਼ਹੀਦ' ਦੀਆਂ ਲਹਿਰਾਂ ਬਹਿਰਾਂ ਹੋਈਆਂ ਉਹਨਾਂ ਨੇ ਦੇਖੀਆਂ ਸਨ, ਉਨ੍ਹਾਂ ਦੇ ਧੁਰ ਅੰਦਰ ਕੰਡੇ ਵਾਂਗਾ ਕੁਝ ਚੁੱਭਣ ਲੱਗ ਗਿਆ ਸੀ ਤੇ ਫਿਰ ਉਨ੍ਹਾਂ ਨੇ ਆਪਣੀ ਕਾਮਯਾਬੀ ਲਈ ਹਰ ਹਰਬਾ ਵਰਤਣ ਦਾ ਮਨਸੂਬਾ ਲਿਆ ਸੀ। ਇੰਡੀਆ ਜਾਣਾ ਵੀ ਇਸੇ ਲੜੀ ਦੀ ਇਕ ਕੜੀ ਸੀ।----------

ਜਦੋਂ ਦਿੱਲੀ ਤੋਂ ਲੁਧਿਆਣੇ ਜਾਣ ਵਾਲੀ ਬੱਸ ਵਿੱਚ ਖੱਖੜ ਸਾਹਿਬ ਸਵਾਰ ਹੋਏ, ਹਰੇਕ ਸਵਾਰੀ ਵਲ ਉਹ ਭਖੀਂਤਰੇ ਜਿਹੇ ਝਾਕ ਰਹੇ ਸਨ। ਉਹ ਹੈਰਾਨ ਸਨ, ਕਿਸੇ ਇਕ ਸ਼ਖਸ ਨੇ ਵੀ ਉਨ੍ਹਾਂ ਵਲ ਕਿਸੇ ਸ਼ੱਕ ਦੀ ਨਿਗਾਹ ਨਾਲ ਨਹੀਂ ਸੀ ਵੇਖਿਆ। ਆਖਰ ਅਚੰਭਾ ਹੀ ਤਾਂ ਸੀ? ਉਨ੍ਹਾਂ ਨੇ ਆਪਣਾ ਹੁਲੀਆ ਬਦਲਾਉਣ ਲਈ ਇੰਨਾ ਤਰੱਦਦ ਕੀਤਾ ਸੀ, ਕਿਸੇ ਨੇ ਗੌਲਿਆ ਤੱਕ ਨਹੀਂ ਸੀ। ਉਨ੍ਹਾਂ ਨੂੰ ਇੱਕ ਤਰ੍ਹਾਂ ਖੁਸ਼ੀ ਵੀ ਹੋਈ ਕਿ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਰਹੇ ਹਨ।

ਬੱਸ ਲੁਧਿਆਣੇ ਪਹੁੰਚਣ ਤਕ ਰਾਤ ਉੱਤਰ ਆਈ ਸੀ। ਸਿਆਲ਼ੂ ਦਿਨ ਚੜ੍ਹਦਿਆਂ ਦੇਰ ਲਾਉਂਦੇ ਹਨ, ਢਲਦਿਆਂ ਦੇਰ ਨਹੀਂ ਲਾਉਂਦੇ। ਬੱਸਾਂ ਸੱਤ ਵਜੇ ਬੰਦ ਹੋ ਗਈਆਂ ਸਨ। ਤਾਂਗਾ ਉਥੇ ਅੱਡੇ ਉਤੇ ਕੋਈ ਦਿਖਾਈ ਨਹੀਂ ਸੀ ਦਿੰਦਾ। ਦੱਸੇ ਹੋਏ ਪਤੇ ਮੁਤਾਬਿਕ ਜਿਸ ਪਿੰ-ਡ ਖੱਖੜ ਸਾਹਿਬ ਨੇ ਪਹੁੰਚਣਾ ਸੀ, ਉਹ ਰੇਲਵੇ ਫਾਟਕ ਤੋਂ ਮਸਾਂ ਡੇਢ ਦੋ ਮੀਲ ਸੀ। ਖੱਖੜ ਸਾਹਿਬ ਰਾਤ ਇਥੇ ਕਿਸੇ ਛੋਟੇ ਮੋਟੇ ਹੋਟਲ ਵਿਚ ਗੁਜ਼ਾਰ ਕੇ ਸਵੇਰੇ ਟਿਕਾਣੇ ਤੇ ਪਹੁੰਚ ਸਕਦੇ ਸਨ ਪਰ ਉਨ੍ਹਾਂ ਦੇ ਮਨ ਵਿਚ ਪਸਰ ਰਹੀ ਬੇਕਰਾਰੀ ਉਨ੍ਹਾਂ ਨੂੰ ਇਸ ਵੇਲੇ ਕੋਈ ਹੀਲਾ ਵਸੀਲਾ ਬਣਾਉਣ ਲਈ ਮਜਬੂਰ ਕਰ ਰਹੀ ਸੀ। ਉਨ੍ਹਾਂ ਆਉਂਦੇ ਜਾਂਦੇ ਹਰ ਰਿਕਸ਼ੇ ਨੂੰ ਹੱਥ ਦੇ ਕੇ ਰੁਕਵਾਇਆ। ਸਾਰੇ ਸਿਰ ਮਾਰ ਕੇ ਅਗਾਂਹ ਲੰਘਦੇ ਗਏ। ਅਖੀਰ ਇਕ ਭਈਆ ਮੰਨ ਗਿਆ। ਖੱਖੜ ਸਾਹਿਬ ਨੇ ਸੋਚਿਆ ਗੱਲੀਂ ਬਾਤੀਂ ਵਕਤ ਝੱਟ ਮੁੱਕ ਜਾਵੇਗਾ।

ਭੀੜ ਭੜੱਕੇ ਵਿਚੋਂ ਨਿਕਲਦਿਆਂ ਹੀ ਖੱਖੜ ਸਾਹਿਬ ਨੇ ਰਿਕਸ਼ਾ ਚਾਲਕ ਨੂੰ ਪੁੱਛਿਆ, "ਏ ਮਿਸਟਰ! ਅਬ ਜਹਾਂ ਕੇ ਹਾ-ਲਾਤ ਕੈਸੇ ਹੈਂ?"

ਰਿਕਸ਼ੇ ਵਾਲੇ ਸੋਚਿਆ ਬੰਦਾ ਬਾਹਰੋਂ ਆਇਆ ਲੱਗਦਾ ਹੈ। ਨਹੀਂ ਤਾਂ ਬੋਲਚਾਲ ਦਾ ਕਿਸੇ ਨੂੰ ਇਥੇ ਇੰਨਾ ਸਲੀਕਾ ਕਿੱਥੇ? ਉਹਨੇ ਨਿਮਰਤਾ ਨਾਲ ਪੁੱਛਿਆ, "ਆਪ ਕੌਨ ਸੇ ਮੁਲਕ ਸੇ ਆ ਰਹੇ ਹੈਂ ਲਾਲਾ ਜੀ?"

'ਲਾਲਾ ਜੀ' ਰਿਕਸ਼ੇ ਵਾਲੇ ਦੇ ਮੂੰਹੋਂ ਖੱਖੜ ਸਾਹਿਬ ਨੂੰ ਮਿਹਣੇ ਵਾਂਗ ਵੱਜਾ। ਉਹ ਭਈਏ ਦੇ ਸਵਾਲ ਦਾ ਜਵਾਬ ਦੇਣ ਦੀ ਥਾਂ ਕੁਰੱਖਤ ਜਹੀ ਆਵਾਜ਼ ਵਿੱਚ ਬੋਲੇ, "ਜ਼ਿਆਦਾ ਬਾਤੇਂ ਮਤ ਬਨਾਓ ਮਿਸਟਰ। ਮੇਰੀ ਬਾਤ ਕਾ ਜਵਾਬ ਦੋ। ਅੱਬ ਜਹਾਂ ਕੇ ਹਾਲਾਤ ਕੈਸੇ ਹੈਂ?"

ਭਈਆ ਠਠੰਬਰ ਗਿਆ। ਉਹ ਸੋਚਣ ਲੱਗਾ ਆਖਰ ਕਿਉਂ ਉਹ ਵਕਤਾਂ ਦਾ ਮਾਰਿਆ ਇਹ ਉਟ ਪਟਾਂਗ ਸਵਾਲ ਪੁੱਛ ਬੈਠਾ ਹੈ? ਕੋਈ ਕਿਥੋਂ ਆਇਆ ਹੈ, ਕਿਉਂ ਆਇਆ ਹੈ, ਉਹਦਾ ਇਹਦੇ ਨਾਲ ਕੀ ਵਾਸਤਾ? ਉਹ ਤਾਂ ਬੱਸ ਇਕ ਢੱਗਾ ਹੈ, ਸਵੇਰੇ ਸਾਝਰੇ ਜੁਤ ਜਾਣਾ, ਹਨੇਰਾ ਹੋਣ ਤਕ ਜੁਤੇ ਰਹਿਣਾ। ਜਦੋਂ ਕਦੇ ਦਾਅ ਲੱਗੇ ਸਲੂਣੇ ਚੌਲਾਂ ਦਾ ਬੁੱਗ ਨਿਗਲ ਲੈਣਾ। ਸਵਾਰੀ ਉਹਨੂੰ ਸਵਾਲ ਕਰੇ ਜਵਾਬ ਦੇਣਾ ਉਹਦਾ ਫਰਜ਼ ਬਣਦਾ ਸੀ। ਉਹ ਭਲਾ ਸਵਾਰੀ ਨੂੰ ਸਵਾਲ ਕਿਹੜੇ ਕਾਇਦੇ ਮੁਤਾਬਕ ਪੁੱਛ ਬੈਠਾ ਸੀ? ਉਹਨੂੰ ਅਜੇ ਤਕ ਪਛਤਾਵਾ ਸੀ। ਉਹ ਸੋਚ ਰਿਹਾ ਸੀ ਕਿ ਉਹਨੇ ਇਕ ਬਹੁਤ ਵੱਡੀ ਅਵੱਗਿਆ ਕਰ ਦਿਤੀ ਹੈ। ਮੁਆਫ਼ੀਨਾਮੇ ਦਾ ਵਿਚਾਰ ਅਜੇ ਉਹਦੇ ਦਿਮਾਗ਼ ਵਿਚ ਆਇਆ ਹੀ ਸੀ ਕਿ ਸਵਾਰੀ ਨੇ ਉਹੀ ਸਵਾਲ ਤੀਜੀ ਵਾਰ ਕਰ ਦਿੱਤਾ। ਉਹਨੇ ਦਿਆਨਤਦਾਰੀ ਅਤੇ ਆਜਜ਼ੀ ਨਾਲ ਜਵਾਬ ਦੇਣਾ ਸ਼ੁਰੂ ਕੀਤਾ, "ਹਾਲਾਤ ਐਸੇ ਹੈਂ ਲਾਲਾ ਜੀ! ਅੰ-ਧੇਰ ਨਗਰੀ, ਚੌਪਟ ਰਾਜਾ। ਯੇਹ ਟੋਪੀ ਦੇਖ ਰਹੇ ਹੈਂ ਨਾ ਮੇਰੇ ਸਰ ਪਰ, ਯੇਹ ਇਸੀ ਲੀਏ ਰੱਖ ਛੋੜੀ ਹੈ ਕਿ ਅਪਨੀ ਪਹਿਚਾਨ ਕਰਵਾ ਸਕੂੰ। ਬੇੜ੍ਹੀਏ ਹੋਤੇ ਹੈਂ ਨਾ ਲਾਲਾ ਜੀ! ਸੋਚਾ, ਮੈਂ ਗਰੀਬ ਬੇੜ੍ਹੀਓਂ ਕੇ ਦੰਗਲ ਮੇਂ ਕਿਉਂ ਮਰੂੰ?"

"ਇਹ ਭਈਆ, ਇਹ ਬੇੜ੍ਹੀਏ ਕੌਣ ਆਂ?"

"ਅਰੇ ਲਾਲਾ ਜੀ ਆਪ ਤੋ ਇਕ ਦਮ ਪੰਜਾਬੀ ਨਿਕਲੇ। ਮੈਂ ਤੋ ਕੁਛ ਔਰ ਹੀ ਸਮਝਾ ਥਾ। ਯੇਹ ਡਰਾਮਾ ਬਾਜ਼ੀ ਕਿਸ ਲੀਏ ਲਾਲਾ ਜੀ?"

ਇਹ ਲਫ਼ਜ਼ ਮੂੰਹੋਂ ਨਿਕਲਣ ਦੀ ਢਿੱਲ ਸੀ, ਭਈਏ ਨੂੰ ਝਟ ਅਹਿਸਾਸ ਹੋ ਗਿਆ ਕਿ ਸਵਾਲ ਕਰਕੇ ਉਹਨੇ ਦੂਜੀ ਵਾਰ ਗੁਸਤਾਖ਼ੀ ਕਰ ਦਿੱਤੀ ਹੈ। ਜਵਾਬ ਉਡੀਕੇ ਬਗ਼ੈਰ ਖੱਖੜ ਸਾਹਿਬ ਦੇ ਪ੍ਰਸ਼ਨ ਦਾ ਉਤਰ ਦੇਣ ਲੱਗਾ, "ਏਕ ਤੋ ਲਾਲਾ ਜੀ ਬੇੜ੍ਹੀਆ ਹੈ ਇਧਰ ਕਾ ਪੋਲੀਸ। ਜਿਸ ਕੋ ਚਾਹੇ ਪਕੜ ਲੇਤਾ ਹੈ। ਦਰਿੰਦੇ ਕੀ ਤਰਹ ਮਾਰਤਾ ਪੀਟਤਾ ਹੈ। ਖ਼ੁਦਾ ਕਸਮ, ਲਾਖ ਫਰਿਆਦ ਕਰੋ, ਕੁਛ ਸੁਨਨੇ ਕਾ ਨਹੀਂ ਹੈ। ਪੀਟਤਾ ਜਾਤਾ ਹੈ---ਪੀਟਤਾ ਜਾਤਾ ਹੈ--- ਪੀਟਤਾ ਪੀਟਤਾ ਮਾਰ ਡਾਲਤਾ ਹੈ। ਔਰ ਲਾਲਾ ਜੀ ਦੂਸਰਾ ਬੇੜ੍ਹੀਆ ਹੈ ਭਿੰਡਰੀਵਾਲਾ ਕਾ ਸ਼ਿਸ਼। ਭਿੰਡਰੀ-ਵਾਲਾ ਜਿਸ ਕੋ ਬੋਲਤਾ ਹੈ ਮਾਰ ਡਾਲੋ, ਵੋ ਮਾਰ ਡਾਲਤਾ ਹੈ। ਕੁਛ ਨਹੀਂ ਸੁਨਤਾ ਵੋਹ ਭੀ। ਬੱਸ ਮਾਰੇ ਜਾ ਰਹਾ ਹੈ, ਮਾਰੇ ਜਾ ਰਹਾ ਹੈ। ਸਭੀ ਲੋਗ ਡਰਾ ਸਾ ਹੂਆ ਹੈ।"

"ਪੁਲਿਸ ਵਾਲਾ ਭੀ?"

"ਔਰ ਕਿਆ ਲਾਲਾ ਜੀ,---ਵੋਹ ਪੋਲੀਸ ਵਾਲਾ ਕਾ ਦੋ ਆਦਮੀ ਮਾਰਤਾ ਹੈ ਔਰ ਪੋਲੀਸ ਵਾਲਾ ਉਸ ਕਾ ਚਾਰ ਆਦਮੀ ਮਾਰ ਡਾਲਤਾ ਹੈ। ਇਧਰ ਸੇ ਪਕੜਾ ਔਰ ਥਾਨੇ ਮੇਂ ਮਾਰ ਕਰ ਮੁਕਾਬਲਾ ਬਨਾ ਦੀਆ।----- ਕੁਛ ਲੋਗ ਹਮਾਰੇ ਜੈਸਾ ਬੀਸ ਬੀਚ ਮੇਂ ਰਗੜਾ ਜਾਤਾ ਹੈ। ਅੱਬ ਤੋ ਅੰਧੇਰੇ ਮੇਂ ਹਮ ਲੋਗ ਕਭੀ ਰਿਕਸ਼ਾ ਨਹੀਂ ਚਲਾਤਾ। ਯੇਹ ਭੀ ਮੈਂ ਜ਼ਰਾ ਲਾਲਚ ਮੇਂ ਆ ਗਯਾ ਥਾ ਲਾਲਾ ਜੀ, ਵਰਨਾ ਮੈਂ ਤੋ ਅਭੀ ਅਭੀ ਘਰ ਜਾਨੇ ਵਾਲਾ ਥਾ। ਆਜਕਲ ਵਕਤ ਇਧਰ ਆਨੇ ਜਾਨੇ ਕਾ ਨਹੀਂ ਹੈ। ਕੌਨ ਜਾਨੇ ਕਿਸ ਸੇ ਵਾਸਤਾ ਪੜ ਜਾਏ? ਪੋਲੀਸ? ਡਾਕੂ ਲੁਟੇਰੇ? ਭਿੰਡਰੀਵਾਲਾ ਕਾ ਆਦਮੀ? ਮੈਂ ਤੋ ਸਮਝਤਾ ਹੂੰ ਕਿ ਆਪ ਕੋ ਭੀ ਇਸ ਵਕਤ ਇਧਰ ਨਹੀਂ ਆਨਾ ਚਾਹੀਏ ਥਾ।"

"ਕਿਉਂ? ਕਿਆ ਵਜ੍ਹਾ?" ਖੱਖੜ ਸਾਹਿਬ ਚਾਹੁੰਦੇ ਸਨ ਕਿ ਜਿਵੇਂ ਕਿਵੇਂ ਉਹ ਹਾਲਤ ਦੀ ਗਹਿਰਾਈ ਤਕ ਪਹੁੰਚ ਜਾਣ।

"ਅਰੇ ਲਾਲਾ ਕਮਾਲ ਕੇ ਆਦਮੀ ਹੈਂ ਆਪ ਭੀ। ਪੰਜਾਬੀ ਹੋਤੇ ਹੂਏ ਮੁਝ ਸੇ ਪੂਛ ਰਹੇ ਹੈਂ ਵਜਹ ਕਿਆ ਹੈ?"

"ਅਰੇ ਭਈਆ ਧੰਧੇ ਸੇ ਆ ਰਹਾ ਹੂੰ। ਵਹਾਂ ਕਾਰੋਬਾਰ ਹੈ ਮੇਰਾ। ਇਧਰ ਪੰਜਾਬ ਕਭੀ ਬਰਸੋਂ ਕੇ ਬਾਅਦ ਆਨਾ ਨਸੀਬ ਹੋਤਾ ਹੈ।" ਖੱਖੜ ਸਾਹਿਬ ਖ਼ੁਦ ਹੈਰਾਨ ਸਨ ਇੰਨੀ ਜਲਦੀ ਇੰਨੀ ਸੁਲੱਝੀ ਕਹਾਣੀ ਉਨ੍ਹਾਂ ਕਿਵੇਂ ਘੜ ਲਈ ਸੀ।

"ਅੱਛਾ ਤੋ ਯੇਹ ਬਾਤ ਹੂਈ ਲਾਲਾ ਜੀ। ਮੈਂ ਹੂੰ ਬਿਹਾਰ ਸੇ ਆਨੇ ਵਾਲਾ ਤਾਰਿਕ ਅਲੀ। ਰਿਕਸ਼ਾ ਚਲਾ ਕਰ ਅਪਨਾ, ਔਰ ਅਪਨੇ ਮਾਂ-ਬਾਪ ਬੀਵੀ ਬੱਚੋਂ ਕਾ ਪੇਟ ਭਰਤਾ ਹੂੰ।"

"ਵੋਹ ਭੀ ਇਧਰ ਹੀ ਹੈਂ ਕਿਆ?"

"ਜੀ ਨਹੀਂ ਵੋਹ ਤੋ ਉਧਰ ਬਿਹਾਰ ਮੇਂ ਹੀ ਹੈਂ। ਪੈਸਾ ਭੇਜਤਾ ਰਹਿਤਾ ਹੂੰ। ਇਧਰ ਲਾਨੇ ਕਾ ਇਰਾਦਾ ਥਾ ਪਹਿਲੇ, ਮਗਰ ਅਬ ਨਹੀਂ। ਮੌਤ ਕੇ ਮੂੰਹ ਮੇਂ ਉਨਹੇਂ ਕਿਉਂ ਡਾਲੂੰ ਲਾਲਾ ਜੀ? ਲਾਲਾ ਜੀ, ਆਪ ਨੇ ਅਭੀ ਤਲਕ ਆਪ ਕਾ ਨਾ ਨਾਮ ਨਹੀਂ ਬਤਾਇਆ?"

ਖੱਖੜ ਸਾਹਿਬ ਹੁਣ ਪਹਿਲਾਂ ਵਾਲੇ ਰੁੱਖੇ ਜਹੇ ਮੂਡ ਵਿਚ ਨਹੀਂ ਸਨ ਰਹੇ, ਉਹ ਬੋਲੇ, "ਅਰੇ ਤਾਰਕ, ਮੇਰਾ ਨਾਮ ਹੈ ਬਹਾਦਰ।"

"ਬਹਾਦਰ ਦਾਸ? ਬਹਾਦਰ ਲਾਲ? ਬਹਾਦਰ ਚੰਦ? ਬਹਾਦਰ ਰਾਮ? ਕੌਨ ਸਾ ਬਹਾਦਰ ਲਾਲਾ ਜੀ?"

"ਲਾਲ ਬਹਾਦਰ।"

"ਓਹ! ਤੋ- - - -ਤੋ ਆਪ ਲਾਲ ਬਹਾਦੁਰ ਹੈਂ! ਜੈਸੇ ਮਰਹੂਮ ਵਜ਼ੀਰੇ ਆਜ਼ਮ ਥੇ? ਲਾਲ ਬਹਾਦੁਰ ਸ਼ਾਸਤਰੀ?"

"ਹਾਂ- - - -ਹਾਂ।" ਖੱਖੜ ਸਾਹਿਬ ਨੇ ਦੇਖਿਆ ਗਲ ਪਾਸੇ ਨੂੰ ਸਰਕ ਤੁਰੀ ਸੀ। ਜਦੋਂ ਭਈਆ ਘੜੀ ਮੁੜੀ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਮੂੰਹ ਪਿੱਛੇ ਨੂੰ ਭੁਆਉਂਦਾ ਸੀ, ਰਿਕਸ਼ਾ ਅਗਾਂਹ ਦੀ ਵਿਜਾਏ ਪਿਛਾਂਹ ਨੂੰ ਜਾਂਦਾ ਪ੍ਰਤੀਤ ਹੁੰਦਾ ਸੀ। ਸੰਖੇਪ ਜਿਹਾ ਸਫ਼ਰ ਰਬੜ ਵਾਂਗੂੰ ਵਧਦਾ ਜਾ ਰਿਹਾ ਸੀ। ਜੀਹੋਂ ਲੱਥੀ ਗੱਡੀ ਨੂੰ ਮੁੜ ਪੱਟੜੀ ਤੇ ਪਾਉਣ ਲਈ ਖੱਖੜ ਸਾਹਿਬ ਨੇ ਆਪਣਾ ਪਿਛਲਾ ਸਵਾਲ ਦੁਹਰਾਇਆ, "ਅਰੇ ਤਾਰਕ, ਤੂੰ ਨੇ ਸਹ ਤੋ ਬਤਾਇਆ ਹੀ ਨਹੀਂ ਕਿ ਮੁਝੇ ਇਧਰ ਆਨਾ ਕਿਉਂ ਨਹੀਂ ਚਾਹੀਏ ਥਾ?

"ਅਰੇ ਲਾਲਾ ਜੀ," ਭਈਏ ਨੇ ਉੱਤਰ ਦੇਣ ਲਈ ਮੂੰਹ ਪਿੱਛੇ ਨੂੰ ਭੁੰਆਇਆ ਹੀ ਸੀ ਕਿ ਪਿੱਛਿਉਂ ਦੋਹਾਂ ਬੱਤੀਆਂ ਦੀ ਰੌਸ਼ਨੀ ਕਰਕੇ ਕਿਸੇ ਟਰੱਕ ਆਦਿ ਦੇ ਆਉਣ ਦਾ ਅਨੁਮਾਨ ਹੋਇਆ। ਪਰ ਇਹ ਟਰੱਕ ਕਿਵੇਂ ਹੋ ਸਕਦਾ ਸੀ? ਬੱਤੀਆਂ ਦੇ ਵਿਚਕਾਰ ਦਾ ਅੰਤਰ ਤਾਂ ਘੱਟਦਾ ਵੱਧਦਾ ਦਿੱਸਦਾ ਸੀ। ਹਨ੍ਹੇਰਾ ਜ਼ਿਆਦਾ ਅਤੇ ਬੱਤੀਆਂ ਦੂਰ ਹੋਣ ਕਾਰਣ ਦਾਹਵੇ ਨਾਲ ਕੁਝ ਆਖ ਸਕਣਾ ਸੰਭਵ ਨਹੀਂ ਸੀ। ਭਈਏ ਦੇ ਮਨ ਨੂੰ ਡੋਬੂ ਪੈਣ ਲੱਗੇ।

"ਅਰੇ ਭਈਆ, ਬਾਤ ਕਿਆ ਹੋ ਗਈ? ਚੁੱਪ ਕਿਉਂ ਹੋ ਗਿਆ?"

"ਅਰੇ ਲਾਲਾ,- - - - ਥੋੜ੍ਹਾ ਸਾ ਸਬਰ ਕਰੋ।- - - - ਮੇਰੇ ਮਾਂਸ ਸੂਖੇ ਜਾ ਰਹੇ ਹੈਂ ਔਰ ਆਪ- - - -।"

ਬੱਤੀਆਂ ਹੁਣ ਲਾਗੇ ਆ ਗਈਆਂ ਸਨ। ਆਵਾਜ਼ ਵੀ ਸਾਫ਼ ਸੁਣਾਈ ਦੇਣ ਲੱਗ ਪਈ ਸੀ। ਆਵਾਜ਼ ਤਾਂ ਪਹਿਲਾਂ ਵੀ ਸਾਫ਼ ਸੁਣਾਈ ਦਿੰਦੀ ਸੀ ਪਰ ਭੱਈਏ ਦੇ ਮਨ ਵਿਚ ਡੇਰੇ ਲਾਈ ਬੈਠੇ ਡਰ ਉਹਨੂੰ ਭੋਚੱਕ ਜਿਹਾ ਕਰੀ ਜਾ ਰਿਹਾ ਸੀ।

"ਮਾਰੇ ਗਏ ਅਬ ਲਾਲਾ ਜੀ।" ਮੂੰਹ ਸਾਹਮਣੇ ਵਲ ਕਰਕੇ ਭੱਈਏ ਨੇ ਬੜੀ ਮੁਸ਼ਕਲ ਨਾਲ ਆਖਿਆ। ਖੱਖੜ ਸਾਹਿਬ ਦੇ ਡਰ ਲਾਗਿਉਂ ਵੀ ਨਹੀਂ ਸੀ ਲੰਘਿਆ। ਉਹ ਤਾਂ ਇਕ ਸ਼ੇਰ ਸਨ, ਜਿਹੜੇ ਜੰਗਲ ਵਿਚੋਂ ਗੁਜ਼ਰ ਰਹੇ ਸਨ। ਉਸ ਜੰਗਲ ਬੀਆਬਾਨ ਵਿਚੋਂ, ਜਿਥੋਂ ਉਨ੍ਹਾਂ ਨੇ ਆਪਣਾ ਸ਼ਿਕਾਰ ਭਾਲਣਾ ਸੀ। ਸ਼ਿਕਾਰ ਵੀ ਉਹ, ਜਿਹਨੇ ਉਨ੍ਹਾਂ ਦੀਆਂ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਦਾ ਆਧਾਰ ਬਣਨਾ ਸੀ। ਉਨ੍ਹਾਂ ਦੀ ਸ਼ੁਹਰਤ ਦੀ ਗੱਡੀ ਅਸਮਾਨੇ ਚਾੜ੍ਹਨੀ ਸੀ। ਉਨ੍ਹਾਂ ਦੀ ਜਾਚੇ      ਡਰ ਤਾਂ ਕੁੱਤਿਆਂ ਬਿੱਲਿਆਂ ਨੂੰ      ਹੁੰਦਾ ਹੈ

ਜਦੋਂ ਮੋਟਰਸਾਈਕਲਾਂ ਦੀ ਆਵਾਜ਼ ਉੱਚੀ ਹੁੰਦੀ ਹੁੰਦੀ ਰਿਕਸ਼ੇ ਦੇ ਬਰਾਬਰ ਆ ਕੇ ਇਕਦਮ ਮੱਧਮ ਹੋ ਗਈ, ਭੱਈਏ ਦਾ ਦਿਲ ਧੱਕ ਧੱਕ ਵੱਜਣ ਲੱਗਾ। ਇਥੇ ਰਾਤ ਬਰਾਤੇ ਉਹਦੀ ਟੋਪੀ ਕਿਹਨੇ ਪੁੱਛਣੀ ਸੀ। ਮੋਟਰ ਸਾਈਕਲ ਸਵਾਰਾਂ ਦੇ ਕਾਰਨਾਮੇ ਉਸ ਨੇ ਅਨੇਕਾਂ ਸੁਣੇ ਸਨ। ਪਰ ਸਿੱਧਾ ਵਾਹ ਕਦੇ ਨਹੀਂ ਸੀ ਪਿਆ। ਉਹ ਤਾਂ ਔਂਡਿਉਂ ਨਿਕਲਣ ਲੱਗਾ ਹੀ ਪਛਤਾਉਣ ਲੱਗ ਪਿਆ ਸੀ ਕਿ ਆਖਰੀ ਸਵਾਰੀ ਦਾ ਪੰਗਾ ਪਾ ਕੇ ਉਸ ਨੇ ਚੰਗਾ ਨਹੀਂ ਕੀਤਾ। ਪਹਿਲੀ ਖ਼ਤਾ, ਪਹਿਲਾ ਖਮਿਆਜ਼ਾ। ਅੱਬਾ ਉਹਦੇ ਨੇ ਬੜਾ ਜ਼ੋਰ ਲਾਇਆ ਸੀ ਕਿ ਜਦੋਂ ਤੱਕ ਪੰਜਾਬ ਵਿਚ ਮਾਰ-ਵੱਢ ਮੁੱਕ ਨਹੀਂ ਜਾਂਦੀ, ਉਹ ਨਾ ਜਾਵੇ। ਪੌਣੀ ਦੀ ਥਾਂ ਅੱਧੀ ਖਾ ਕੇ ਗੁਜ਼ਾਰਾ ਕਰ ਲੈਂਵਗੇ। ਤਾਰਿਕ ਨੇ ਜਵਾਨੀ ਦੇ ਜ਼ੋਰ ਸੁਣੀ ਹੀ ਕਿਸੇ ਦੀ ਨਹੀਂ ਸੀ। ਚਲਾ ਆਇਆ ਸੀ। ਵਾਲਿਦ- ਵਾਲਿਦਾ, ਬੀਵੀ ਬੱਚੇ ਉਡੀਕਦੇ ਰਹਿਣਗੇ ਤੇ ਮੈਂ- - - ਮੈਂ - - -ਬੱਸ ਹੁਣੇ ਠੀਂ ਠੀਂ ਹੋਵੇਗੀ ਤੇ ਮੈਂ ਤੜਫ਼ ਤੜਫ਼ ਕੇ ਠੰਢਾ ਹੋ ਜਾਵਾਂਗਾ। ਕਲ੍ਹ ਨੂੰ ਅਖਬਾਰਾਂ ਵਿਚ ਇਕ ਮਾੜੀ ਜਹੀ ਖ਼ਬਰ ਛਪੇਗੀ —— ਇਕ ਰਿਕਸ਼ਾ ਡਰਾਈਵਰ- - - - -, ਇਕੱਲਾ ਰਿਕਸ਼ਾ ਡਰਾਈਵਰ ਹੀ ਕਿਉਂ? ਨਾਲ ਇਕ ਲਾਲਾ ਵੀ। ਪਰ ਲਾਲਾ ਤਾਂ ਅਜੇ ਤਕ ਜ਼ਰਾ ਵੀ ਨਹੀਂ ਜਮੁਕਿਆ? ਲੋਹੇ ਦਾ ਬੰਦਾ ਹੋਵੇਗਾ?- - - ਤਾਰਿਕ ਦੀ ਸੋਚ ਅਜੇ ਇਥੋਂ ਤਕ ਹੀ ਅਪੜੀ ਸੀ, ਮੋਟਰ ਸਾਈਕਲ ਸਵਾਰਾਂ ਨੇ ਦੋਹਾਂ ਪਾਸਿਆਂ ਤੋਂ ਰਿਕਸ਼ੇ ਦਾ ਹੈਂਡਲ ਆਣ ਪਕੜਿਆ। ਬਰੇਕਾਂ ਤਾਰਿਕ ਨੇ ਖੁਦ-ਬਖ਼ੁਦ ਨੱਪ ਦਿੱਤੀਆਂ। ਭੱਜਣ ਲਈ ਹੁਣ ਰਾਹ ਹੀ ਕੋਈ ਨਹੀਂ ਸੀ ਰਹਿ ਗਿਆ।

"ਕਿਉਂ ਭਈਆ, ਇਹ ਕਿੱਥੋਂ ਦਾ ਬਰੈਂਡ ਐ?" ਇਕ ਨੌਜਵਾਨ ਨੇ ਪੁੱਛਿਆ। ਤਾਰਿਕ ਨੂੰ ਕੁਝ      ਤਸੱਲੀ ਹੋਈ ਕਿ ਉਹਦੀ ਟੋਪੀ ਆਪਣਾ ਕ੍ਰਿਸ਼ਮਾ ਕਰ ਗਈ ਹੈ। ਉਹਦੀ ਧੜਕਦੀ ਹੋਈ ਕੋਠੀ ਵਿਚ ਕੁਝ ਅਮਨ ਚੈਨ ਹੋਇਆ। ਹੁਣ ਉਹ ਖੱਖੜ ਸਾਹਿਬ ਦੀ ਜਾਨ ਬਖਸ਼ੀ ਕਰਵਾਉਣ ਲਈ ਮਿੰਨਤਾਂ ਤਰਲਿਆਂ ਉਤੇ ਉੱਤਰ ਆਇਆ, "ਜਨਾਬ, ਯੇਹ ਆਪ ਕੇ ਦੁਸ਼ਮਨ ਨਹੀਂ ਹੈਂ। ਯੇਹ ਤੋ ਬੰਬੇ ਸੇ ਆ ਰਹੇ ਹੈਂ। ਲਾਲ ਬਹਾਦਰ- - -।"

ਇਸ ਤੋ ਪਹਿਲਾਂ ਕਿ ਤਾਰਿਕ ਖੱਖੜ ਸਾਹਿਬ ਬਾਰੇ ਹੋਰ ਤਫਸੀਲ ਦਿੰਦਾ, ਖੱਖੜ ਸਾਹਿਬ ਖ਼ੁਦ- ਬਖ਼ੁਦ ਉੱਛਲ ਪਏ, "ਸਿਙਲੱਥੋ! ਮੈਂ ਕੋਈ ਲੜਾ ਲਾਲ ਬਹਾਦਰ ਨਹੀਂ ਹਾਂ। ਮੈਂ ਹਾਂ ਬਹਾਦਰ ਸਿੰਘ ਖੱਖੜ। ਆਓ ਪਹਿਲਾਂ ਗੱਜ ਵੱਜ ਕੇ ਫਤਹਿ ਬੁਲਾਈਏ: ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ- - - - -।" ਫਤਹਿ ਬੁਲਾਉਣ ਵਾਲੇ ਖੱਖੜ ਸਾਹਿਬ ਇਕੱਲੇ ਰਹਿ ਗਏ।

"ਓਏ ਪਾਲੀ ਇਹ ਪੰਡਤ ਸਾਲਾ ਬੜਾ ਚੰਟ ਐ।" ਦੂਜੇ ਨੇ ਉੱਤਰ ਦਿੱਤਾ।

"ਮ- - -ਮ - - ਮੈਂ ਤਾਂ ਹੁਣੇ ਕਨੇਡਾ ਤੋਂ ਆ ਰਿਹਾਂ।" ਬਾਜ਼ੀ ਪੁੱਠੀ ਪੈਂਦੀ ਦੇਖ ਖੱਖੜ ਸਾਹਿਬ ਮਿਣਮਿਣ ਕਰਨ ਲੱਗੇ।

"ਤੇਰੇ ਵਰਗੇ ਦੁਸ਼ਟਾਂ ਦਾ ਪੰਡਤਾ ਅੱਗੇ ਐਥੇ ਘਾਟਾ ਐ? ਪਹਿਲਾ ਗਭਰੂ ਬੋਲਿਆ।

"ਮ- - ਮ- - - ਮੈਂ ਦੁਸ਼ਟ ਨਹੀਂ, ਮ- - -ਮ- - ਮੈਂ ਦੁਸ਼ਟ ਸੋਧੂ ਦੱਲ ਕੈਨੇਡਾ ਦਾ - —- - -।"

"ਓਏ ਪਾਲੀ, ਇਹ ਸਾਲੇ ਸੀ. ਆਈ. ਡੀ ਵਾਲੇ ਬੜੇ ਖੋਟ ਬਣੀ ਜਾਂਦੇ ਐ! ਕਦੇ ਆਪ ਨੂੰ ਇਹ ਕਨੇਡੇ ਤੋਂ ਆਏ ਦੱਸਦੇ ਆ, ਕਦੇ ਅਮਰੀਕਾ ਤੋਂ। ਉਹ ਜਿਹੜਾ ਪਿਛਲੇ ਐਤਵਾਰ ਚੌਕ ਗੋਬਿੰਦ ਗੜ੍ਹ ਲਾਗੇ ਗੱਡੀ ਚਾੜ੍ਹਿਆ ਸੀ ਆਪਾਂ, ਉਹ ਕਿਥੋਂ ਆਇਆ ਦੱਸਦਾ ਸੀ ਭਲਾ? ਅਸਟਰੇਲੀਆ ਤੋਂ?"

"ਨਹੀਂ, ਨਹੀਂ, ਅਸਟਰੀਆ ਤੋਂ।"

"ਇਹ ਸਰਕਾਰੀ ਕੁੱਤਿਆਂ ਨਾਲ ਬਹਿਸ ਵਿਚ ਪੈਣ ਦਾ ਕੀ ਫਾਇਦਾ?" ਪਹਿਲੇ ਨੇ ਆਖਿਆ। ਦੂਜੇ ਨੇ ਉਸੇ ਵੇਲੇ ਰਿਵਾਲਵਰ ਖੱਖੜ ਸਾਹਿਬ ਦੀ ਪੁੜਪੁੜੀ ਵਲ ਨੂੰ ਸੇਧਤ ਕਰ ਕੇ ਘੋੜਾ ਨੱਪ ਦਿੱਤਾ।

'ਠੀਂ, ਠੀਂ, ਠੀਂ।' ਉਪਰੋਥਲੀ ਤਿੰਨਾਂ ਗੋਲੀਆਂ ਨਾਲ ਹਾਲ ਪਾਹਰਿਆ ਕਰਦੇ ਖੱਖੜ ਸਾਹਿਬ ਦਾ ਸਿਰ ਖੱਖੜੀਆਂ ਹੋ ਗਿਆ! ਉਹ ਸੀਟ ਤੋਂ ਤਿੰਨ ਵਾਰ ਥੋੜ੍ਹਾ ਕੁ ਉੱਛਲੇ ਤੇ ਫਿਰ ਹੌਲੀ ਹੌਲੀ ਸ਼ਾਂਤ ਹੋ ਗਏ। ਅੱਖਾਂ ਤਾੜੇ ਲੱਗ ਗਈਆਂ।

ਡੌਰ ਭੌਰ ਹੋਇਆ ਤਾਰਿਕ ਕੰਬਦੀਆਂ ਲੱਤਾਂ ਲੈ ਕੇ ਪਿੰਡ ਵਲ ਨੂੰ ਤੁਰ ਪਿਆ। ਮੋਟਰ ਸਾਈਕਲ ਵਾਲੇ ਨਾਹਰੇ ਲਾਉਂਦੇ ਸੜਕੋ ਸੜਕ ਅਗਾਂਹ ਲੰਘ ਗਏ।

• (SHERWOOD PARK, ALBERTA)

# ਕੈਲੀਫੋਰਨੀਆ: ਕੁਝ ਪ੍ਰਭਾਵ

( ਸਤਵੰਤ )

5 - ਵੁੱਡਜ਼ ਸਟਰੀਟ ਸਾਨਫਰਾਂਸਿਸਕੋ – ਘੁੱਗ ਵਸਦੇ ਸਾਨਫਰਾਂਸਿਸਕੋ ਸ਼ਹਿਰ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਦੇ ਵਿਚਕਾਰ ਇਹ ਸਥਾਨ ਵਾਕਿਆ ਹੈ। ਸਾਧਾਰਨ ਦੇਖਣ ਵਾਲੇ ਨੂੰ ਇਹ ਜਗ੍ਹਾ ਇਕ ਸਾਧਾਰਨ ਮਕਾਨ ਹੀ ਜਾਪਦੀ ਹੈ, ਜਿਥੇ ਇਕ ਕਮਰੇ ਵਿਚ ਭਾਰਤੀ ਕੌਂਸਲੇਟ ਦਾ ਕਰਮਚਾਰੀ ਰਹਿੰਦਾ ਹੈ। ਕਦੇ ਕਦਾਈਂ ਟਾਵੇਂ ਟਾਵੇਂ ਲੋਕ ਇਥੇ ਆ ਕੇ ਵਾਪਸ ਚਲੇ ਜਾਂਦੇ ਹਨ। ਅਸਲ ਵਿਚ ਇਹ ਉਹ ਪਵਿੱਤਰ ਜਗ੍ਹਾ ਹੈ ਜਿਥੋਂ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਹਿੰਦੋਸਤਾਨ ਦੀ ਸੱਚੀ ਆਜ਼ਾਦੀ ਦੇ ਪਰਵਾਨਿਆਂ ਨੇ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਕੀਤਾ ਸੀ। ਇਹ ਉਹ ਅਸਥਾਨ ਹੈ ਜਿਥੇ ਬੈਠ ਕੇ ਸਾਡੇ ਮਹਾਨ ਦੇਸ਼ ਭਗਤ ਗਦਰੀ ਬਾਬੇ - ਬਾਬਾ ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ, ਲਾਲਾ ਹਰਦਿਆਲ ਅਤੇ ਅਨੇਕਾਂ ਹੋਰ ਗਦਰੀ ਦੇਸ਼ ਭਗਤ ਯੂਨਾਈਟਿਡ ਸਟੇਟਸ ਆਫ਼ ਇੰਡੀਆ ਦਾ ਸੁਪਨਾ ਸਾਕਾਰ ਕਰਨ ਲਈ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦਾ ਜੂਲਾ ਲਾਹੁਣ ਲਈ ਗਦਰ ਦੀ ਤਿਆਰੀ ਕਰ ਰਹੇ ਸਨ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਉਹ ਮਹਾਨ ਦੇਸ਼ ਭਗਤ ਭਾਰਤ ਦੇ ਇਕ ਟੁਕੜੇ ਖਾਤਰ ਨਹੀਂ ਸਗੋਂ ਸਮੁੱਚੇ ਭਾਰਤ ਦੀ ਕਾਇਆ ਕਲਪੀ ਲਈ ਸਾਂਝੇ ਦੁਸ਼ਮਣ ਨਾਲ ਲੜੇ। ਉਨ੍ਹਾਂ ਦੀ ਜੱਥੇਬੰਦੀ ਵਿਚ ਹਰ ਧਰਮ ਦੇ ਵਿਅਕਤੀ ਸਨ, ਪਰ ਕਿਸੇ ਨੂੰ ਵੀ ਜੱਥੇਬੰਦੀ ਵਿਚ ਧਰਮ ਸਬੰਧੀ ਚਰਚਾ ਦੀ ਸਖਤ ਮਨਾਹੀ ਸੀ।

ਇਸੇ ਜਗ੍ਹਾ ਤੋਂ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ, ਸ੍ਰੀ ਰਘਬਰ ਦਿਆਲ ਗੁਪਤਾ ਦੀ ਸੰਪਾਦਨਾ ਹੇਠ ਅਖਬਾਰ 'ਗਦਰ' ਛਾਪਿਆ ਜਾਂਦਾ ਸੀ। ਗਦਰੀ ਇਨਕਲਾਬੀਆਂ ਦੀ ਵੱਡੇ ਪੈਮਾਨੇ ਦੀ ਲੜਾਈ ਲਈ ਤਿਆਰੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 1916 ਵਿਚ ਇਹ ਅਖ਼ਬਾਰ ਹਫ਼ਤੇ ਦਾ ਦਸ ਲੱਖ ਦੀ ਗਿਣਤੀ ਵਿਚ ਛਪਣ ਲੱਗ ਪਿਆ ਸੀ, ਜਿਸਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਜਿਥੇ ਵੀ ਗਦਰ ਦੇ ਸਮਰਥਕ ਸਨ, ਪਹੁੰਚਾਇਆ ਜਾਂਦਾ ਸੀ।

ਗਦਰੀ ਦੇਸ਼ ਭਗਤਾਂ ਦੀ ਇਹ ਪਵਿੱਤਰ ਇਮਾਰਤ "ਗਦਰ ਮਮੋਰੀਅਲ" ਪੁਰਾਣੀ ਹੋਣ ਕਰਕੇ ਹੁਣ ਨਵੀਨਕਰਨ ਕਰ ਦਿੱਤੀ ਗਈ ਹੈ ਜਿਸ 'ਤੇ ਹੁਣ ਭਾਰਤੀ ਸਰਕਾਰ ਦਾ ਕਬਜ਼ਾ ਹੈ। ਸਿਤਮ ਦੀ ਗੱਲ ਹੈ ਕਿ ਮਹਾਨ ਦੇਸ਼ ਭਗਤਾਂ ਦੀ ਇਸ ਯਾਦਗਾਰ ਨੂੰ ਉਨ੍ਹਾਂ ਦੀਆਂ ਸੱਧਰਾਂ ਦਾ ਖ਼ੂਨ ਕਰਨ ਵਾਲੀ ਭਾਰਤੀ ਕਾਂਗਰਸੀ ਹਕੂਮਤ ਸਾਂਭੀ ਬੈਠੀ ਹੈ। ਭਾਰਤੀ ਕੌਂਸਲੇਟ ਦਾ ਦਫ਼ਤਰ ਇਥੋਂ ਕੋਈ ਚਾਰ ਪੰਜ ਬਲਾਕ ਦੀ ਦੂਰੀ 'ਤੇ ਹੀ ਹੈ ਜਿਥੇ ਹਰ ਰੋਜ਼ ਸੈਂਕੜੇ ਲੋਕ ਪਾਸਪੋਰਟ, ਵੀਜ਼ੇ ਆਦਿ ਲਈ ਆਉਂਦੇ ਹਨ, ਪਰ ਕਿਸੇ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਇਹ ਗਦਰ ਮਮੋਰੀਅਲ ਉਥੋਂ ਸਿਰਫ਼ ਚਾਰ ਪੰਜ ਬਲਾਕ 'ਤੇ ਸਥਿਤ ਹੈ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਥੇ ਰੱਖੇ ਗਏ ਰਜਿਸਟਰ ਅਨੁਸਾਰ 20 ਮਾਰਚ 1980 ਤੋਂ 30 ਦਸੰਬਰ 1985 ਤੱਕ ਕੇਵਲ 66 ਵਿਅਕਤੀ ਹੀ ਇਸ ਯਾਦਗਾਰ ਨੂੰ ਦੇਖਣ ਆਏ। ਇਹ ਇਮਾਰਤ ਭਾਰਤੀ ਕੌਂਸਲੇਟ ਦੇ ਕਿਰਚ-ਮੂੰਹੇਂ ਅਧਿਕਾਰੀਆਂ ਨੇ ਬਹੁਤ ਦੇਰ ਬੰਦ ਹੀ ਕਰ ਰੱਖੀ ਸੀ, ਕਿ ਇਸਨੂੰ ਕੋਈ ਦੇਖਣ ਨਹੀਂ ਆਉਂਦਾ। ਮੇਰੇ ਖ਼ਿਆਲ ਵਿਚ ਇਹ ਇਕ ਸਾਜ਼ਿਸ਼ ਹੈ ਕਿਉਂਕਿ ਇਹ ਅਧਿਕਾਰੀ ਲੋਕਾਂ ਨੂੰ ਦੱਸਣਾ ਹੀ ਨਹੀਂ ਚਾਹੁੰਦੇ। ਇਹ ਯਾਦਗਾਰ ਦੇਖਣ ਲਈ ਭਾਰਤੀ ਕੌਂਸਲੇਟ ਦੇ ਦਫ਼ਤਰ ਜਾਣਾ ਪੈਂਦਾ ਹੈ। ਇਕ ਦੋ ਵਾਰ ਬੇਨਤੀ ਕਰਨ 'ਤੇ ਉਨ੍ਹਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ। ਤਕਰੀਬਨ ਦੋ ਘੰਟੇ ਦੀ ਉਡੀਕ ਪਿਛੋਂ ਇਕ ਕਰਮਚਾਰੀ ਇਮਾਰਤ ਦਿਖਾਉਣ ਲਈ ਨਾਲ ਤੁਰਿਆ, ਜਿਸ ਨੂੰ ਕਿ ਖੁਦ ਵੀ ਇਸ ਜਗ੍ਹਾ ਦਾ ਪਤਾ ਨਹੀਂ ਸੀ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਸ ਮਮੋਰੀਅਲ ਨੂੰ ਇਸ ਤਰੀਕੇ ਨਾਲ ਦਿਖਾਉਣ ਲਈ ਵੀ ਕੈਲੇਫੋਰਨੀਆਂ ਵਿਚ ਅਗਾਂਹਵਧੂ ਸੋਚ ਵਾਲੇ ਕਾਰਕੁੰਨਾਂ ਦੀ ਜੱਥੇਬੰਦੀ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਨੂੰ ਕਾਫੀ ਜੱਦੋਜਹਿਦ ਕਰਨੀ ਪਈ ਹੈ।

ਇਸੇ ਹੀ ਸ਼ਹਿਰ ਵਿਚ ਇਕ ਦੇਸ਼ ਭਗਤ ਗਦਰੀ ਬਾਬੇ ਦਾ ਰਿਹਾਇਸ਼ੀ ਮਕਾਨ ਸੀ, ਜਿਥੇ ਬਹੁਤ ਸਾਰੀਆਂ ਇਤਿਹਾਸਕ ਲਿਖਤਾਂ, ਵੇਰਵੇ, ਸਾਈਕਲੋਸਟਾਈਲ ਮਸ਼ੀਨ, ਫੋਟੋਆਂ ਤੇ ਹੋਰ ਦਸਤਾਵੇਜ਼ਾਂ ਸਾਂਭੀਆਂ ਹੋਈਆਂ ਸਨ। ਬਾਬਾ ਜੀ ਦੇ ਚਲਾਣੇ ਉਪਰੰਤ ਕਿਸੇ ਸਾਜ਼ਸ਼ੀ ਢੰਗ ਨਾਲ ਵਸੀਅਤ ਕਰਵਾ ਕੇ ਉਥੇ ਕਿਸੇ ਅਜਨਬੀ ਭਾਰਤੀ ਦਾ ਕਬਜ਼ਾ ਹੈ। ਉਨ੍ਹਾਂ ਨੂੰ ਇਸ ਦੁਰਲੱਭ ਵਿਰਾਸਤ ਦਾ ਕੀ ਵਿਰਾਗ ਹੋਣਾ ਸੀ? ਉਨ੍ਹਾਂ ਨੇ ਉਹ ਸਾਰੀਆਂ ਵਡਮੁੱਲੀਆਂ ਦਸਤਾਵੇਜ਼ਾਂ ਅਤੇ ਸਾਈਕਲੋਸਟਾਈਲ ਮਸ਼ੀਨ ਨੂੰ ਅੱਗ ਦੀ ਭੇਂਟ ਕਰ ਦਿੱਤਾ। ਉਹ ਹੁਣ ਉਥੇ ਕਿਸੇ ਨੂੰ ਵੀ ਉਹ ਯਾਦਗਾਰ ਦੇਖਣ ਲਈ ਨੇੜੇ ਨਹੀਂ ਢੁਕਣ ਦਿੰਦੇ।

ਗਦਰੀ ਬਾਬਿਆਂ ਦੀ ਯਾਦਗਾਰ "ਗਦਰ ਮਮੋਰੀਅਲ" ਅਤੇ ਬਾਬਾ ਜੀ ਦੀ ਇਸ ਯਾਦਗਾਰੀ ਇਮਾਰਤ ਨੂੰ ਸਰਕਾਰੀ ਅਤੇ ਨਿੱਜੀ ਕਬਜ਼ੇ 'ਚੋਂ ਕਢਵਾ ਕੇ ਇਕ ਅਸਲੀ ਇਤਿਹਾਸਕ ਯਾਦਗਾਰ ਬਣਾਉਣ ਲਈ ਤਕੜੇ ਸੰਘਰਸ਼ ਦੀ ਲੋੜ ਹੈ। ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਵਾਲਿਆਂ ਨੇ ਜੋ ਇਹ ਬੀੜਾ ਚੁੱਕਿਆ ਹੈ, ਉਹ ਬਹੁਤ ਸੁਲਾਹੁਣਯੋਗ ਕਦਮ ਹੈ। ਸਾਰੀਆਂ ਅਗਾਂਹਵਧੂ ਜੱਥੇਬੰਦੀਆਂ, ਖਾਸ ਕਰ ਕੇ ਅਮਰੀਕਾ ਅਤੇ ਕੈਨੇਡਾ ਵਿਚ ਕੰਮ ਕਰਦੀਆਂ ਅਗਾਂਹਵਧੂ ਜੱਥੇਬੰਦੀਆਂ ਅਤੇ ਵਿਅਕਤੀਆਂ ਨੂੰ ਇਸ ਪਵਿੱਤਰ ਕਾਰਜ ਦੀ ਪੂਰਤੀ ਲਈ, ਭਾਰਤੀ ਕੌਂਸਲੇਟਾਂ ਨੂੰ ਮੈਮੋਰੈਂਡਮ, ਚਿੱਠੀਆਂ ਆਦਿ ਰਾਹੀਂ ਇਕ ਮੁਹਿੰਮ ਚਲਾਉਣੀ ਚਾਹੀਦੀ ਹੈ। ਇਸ ਤੋਂ ਵੱਧ ਜ਼ਰੂਰੀ ਹੈ ਕਿ ਹਰ ਭਾਰਤੀ ਜਦ ਸਾਨਫਰਾਂਸਿਸਕੋ ਜਾਵੇ ਤਾਂ ਉਸਨੂੰ ਇਹ ਯਾਦਗਾਰ ਜ਼ਰੂਰ ਦੇਖਣੀ ਚਾਹੀਦੀ ਹੈ ਅਤੇ ਦੇਸ਼ ਭਗਤ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ।

ਜਿਉਂ ਜਿਉਂ ਸਰਮਾਏਦਾਰੀ ਨਿਜ਼ਾਮ ਵਿਚ ਪੈਦਾਵਾਰ ਦੇ ਸਾਧਨਾਂ ਦੇ ਮਸ਼ੀਨੀਕਰਨ ਕਰਕੇ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ ਹੈ ਤਿਉਂ ਤਿਉਂ ਆਧੁਨਿਕ ਤੌਰ ਤਰੀਕੇ ਸਿਖਣ ਨਾਲ ਮਜ਼ਦੂਰ ਜਮਾਤ ਦੀ ਚੇਤੰਨਤਾ ਵਿਚ ਵੀ ਵਾਧਾ ਹੋਇਆ ਹੈ, ਭਾਵੇਂ ਉਹਨਾਂ ਦੀ ਹਾਲਤ 'ਚ ਕੋਈ ਫਰਕ ਨਹੀਂ ਪਿਆ। ਅਨੇਕਾਂ ਕਾਰਖਾਨਿਆਂ, ਖਾਣਾਂ, ਖੇਤੀਬਾੜੀ ਆਦਿ ਉਦਯੋਗਾਂ ਵਿਚ ਇਕੱਠੇ ਭਾਰੀ ਗਿਣਤੀ ਵਿਚ ਕੰਮ ਕਰਨ ਨਾਲ ਮਜ਼ਦੂਰਾਂ ਨੇ ਆਪਣੀ ਇਕੱਠ ਦੀ ਤਾਕਤ ਦਾ ਅਹਿਸਾਸ ਕੀਤਾ ਹੈ ਅਤੇ ਇਉਂ ਅਨੇਕਾਂ ਮਜ਼ਦੂਰ ਟਰੇਡ-ਯੂਨੀਅਨਾਂ ਬਣੀਆਂ ਹਨ। ਇਹਨਾਂ ਟਰੇਡ-ਯੂਨੀਅਨਾਂ ਦੇ ਸਦਕਾ ਮਾਲਕਾਂ ਨੂੰ ਮਜ਼ਦੂਰਾਂ ਦੀਆਂ ਉਜਰਤਾਂ ਵਿਚ ਵਾਧਾ ਕਰਨਾ ਪਿਆ ਹੈ। ਪਰ ਇਹ ਉਜਰਤਾਂ ਸਰਮਾਏਦਾਰੀ ਵੱਲੋਂ ਇਨੀਆ ਕੁ ਹੀ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਮਜ਼ਦੂਰ ਆਪਣੀਆਂ ਮੁਢਲੀਆਂ ਲੋੜਾਂ ਬੜੀ ਮੁਸ਼ਕਲ ਨਾਲ ਹੀ ਪੂਰੀਆਂ ਕਰ ਸਕਦਾ ਹੈ। ਮਜ਼ਦੂਰ ਜਮਾਤ, ਜਿਸ ਕੋਲ ਵੇਚਣ ਲਈ ਸਿਰਫ ਆਪਣੀ ਮੇਹਨਤ ਸ਼ਕਤੀ ਹੀ ਹੁੰਦੀ ਹੈ, ਨੇ ਹਰ ਚੀਜ਼ ਬਾਹਰੋਂ ਖਰੀਦਣੀ ਹੁੰਦੀ ਹੈ ਜਿਸਨੂੰ ਸਰਮਾਏਦਾਰ ਤਿਆਰ ਕਰਦਾ ਹੈ ਅਤੇ ਇਹਨਾਂ ਭੋਗਣ ਦੀਆਂ ਵਸਤਾਂ ਦੇ ਭਾਅ ਆਪਣੀ ਮਰਜ਼ੀ ਮੁਤਾਬਕ ਮਿਥਕੇ ਮਜ਼ਦੂਰਾਂ ਦੀ ਲੁੱਟ ਕਰਦਾ ਹੈ।

ਕੈਲੇਫੋਰਨੀਆਂ ਦੇ ਖੇਤਾਂ ਵਿਚ ਭਾਵੇਂ ਮਸ਼ੀਨੀਕਰਨ ਕਰਕੇ ਆਧੁਨਿਕ ਢੰਗਾਂ ਨਾਲ ਖੇਤੀ ਕੀਤੀ ਜਾਂਦੀ ਹੈ, ਪਰ ਫਿਰ ਵੀ ਕਈ ਕੰਮ ਜਿਵੇਂ ਪਰੂਨਿੰਗ ਕਰਨੀ, ਕਈ ਫਸਲਾਂ ਦੀ ਤੁੜਵਾਈ, ਦਵਾਈਆਂ ਛਿੜਕਣਾ ਆਦਿ ਮਨੁਖੀ ਲੇਬਰ ਦੁਵਾਰਾ ਹੀ ਕੀਤਾ ਜਾਂਦਾ ਹੈ। ਫਾਰਮਾਂ ਵਿਚਲੇ ਅਜੇਹੇ ਕੰਮਾਂ ਦੀਆਂ ਔਖੀਆਂ ਹਾਲਤਾਂ, ਅਕਾਊ ਤੇ ਲੰਮੇ ਘੰਟੇ, ਘੱਟ ਤੋਂ ਘੱਟ ਉਜਰਤ ਤੇ ਹੋਰ ਕੋਈ ਵੀ ਸਹੂਲਤ ਮੁਹੱਈਆ ਨਾ ਹੋਣ ਕਰਕੇ ਆਮ ਤੌਰ ਤੇ ਅਮਰੀਕਣ ਕਾਮੇ ਅਜੇਹੇ ਕੰਮਾਂ ਨੂੰ ਹੱਥ ਪਾਉਂਦੇ ਹਨ, ਕਿਉਂਕਿ ਹੋਰਨਾਂ ਕੰਮਾਂ ਦੇ ਮੁਕਾਬਲੇ ਇਹ ਲਾਹੇਵੰਦ ਪੈਂਦਾ ਨਹੀਂ। ਚਲਾਕ ਸਰਮਾਏਦਾਰੀ ਨੇ ਇਸ ਦਾ ਹੱਲ ਲੱਭਿਆ ਹੋਇਆ ਹੈ — ਉਹ ਹੈ ਬਾਹਰਲੇ ਮੁਲਕਾਂ ਤੋਂ ਚੋਰੀ-ਛੁਪੇ ਮਜ਼ਦੂਰਾਂ ਨੂੰ ਅਮਰੀਕਾ ਵਿਚ ਦਾਖਲ ਕਰਵਾ ਕੇ ਉਨਾਂ ਤੋਂ ਘੱਟ ਤੋਂ ਘੱਟ ਉਜਰਤ ਤੇ ਕੰਮ ਕਰਵਾ ਕੇ ਉਨ੍ਹਾਂ ਦੀ ਲੁੱਟ ਕਰਨੀ। ਅਮਰੀਕਾ ਦੇ ਗਵਾਂਢੀ ਮੁਲਕ ਮੈਕਸੀਕੋ, ਜਿਸ ਦੇ ਕਾਫੀ ਹਿੱਸੇ ਦੀ ਹੱਦ ਕੈਲੇਫੋਰਨੀਆਂ ਸੂਬੇ ਨਾਲ ਲੱਗਦੀ ਹੈ, ਵਿਚ ਭ੍ਰਿਸ਼ਟ ਰਾਜ-ਪਰਬੰਧ ਹੋਣ ਕਰਕੇ ਉਥੇ ਜ਼ਿੰਦਗੀ ਦੀਆਂ ਹਾਲਤਾਂ ਤਕਰੀਬਨ ਭਾਰਤ ਵਰਗੀਆਂ ਹੀ ਹਨ। ਜਿਥੇ ਇਕ ਪਾਸੇ ਅਮਰੀਕਾ ਵਿਚ ਵਿਕਾਸ ਏਨੀ ਤੇਜ਼ੀ ਨਾਲ ਹੋਇਆ ਹੈ, ਗਵਾਂਢੀ ਮੁਲਕ ਵਿਚ ਭੁੱਖਮਰੀ, ਘੋਰ ਗਰੀਬੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਇਕ ਸਿਰੇ ਤੋਂ ਦੂਜੇ ਸਿਰੇ ਤੀਕ ਪੱਸਰਿਆ ਹੋਇਆ ਹੈ। ਮਜ਼ਦੂਰ ਜਮਾਤ ਦਾ ਕਿਉਂਕਿ ਕੋਈ ਮੁਲਕ ਨਹੀਂ ਹੁੰਦਾ, ਆਪਣੀਆਂ ਜ਼ਿੰਦਗੀ ਦੀ ਲੋੜਾਂ ਪੂਰੀਆਂ ਕਰਨ ਲਈ ਅਤੇ ਬੇਹਤਰੀ ਦੀ ਆਸ ਲੈ ਕੇ ਹਜ਼ਾਰਾਂ ਦੀ ਗਿਣਤੀ ਵਿਚ ਮੈਕਸੀਕਣ ਕਾਮੇ ਇਧਰ ਅਮਰੀਕਾ ਵਿਚ ਹਰ ਸਾਲ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਆਉਂਦੇ ਹਨ। ਇਹਨਾਂ ਕਾਮਿਆਂ ਨੂੰ ਬਾਰਡਰ ਪਾਰ ਕਰਵਾਉਣ ਦਾ ਧੰਦਾ ਉੱਚ ਪੱਧਰੀ ਮਿਲੀ ਭੁਗਤ ਕਰਕੇ ਹੁੰਦਾ ਹੈ ਜਿਸ ਵਿਚ ਮਾਮੂਲੀ ਪੁਲੀਸ ਤੋਂ ਲੈ ਕੇ ਉਪਰ ਇਮੀਗਰੇਸ਼ਨ ਤੀਕ ਅਦਾਰਿਆਂ ਦੀ ਸ਼ਮੂਲੀਅਤ ਹੈ। ਬਾਰਡਰ ਪਾਰ ਕਰਵਾਉਣ ਵਾਲੇ ਏਜੰਟ ਮੈਕਸੀਕਨ ਕਾਮਿਆਂ ਨੂੰ ਇਧਰ ਪਹੁੰਚਾਣ ਲਈ ਉਨ੍ਹਾਂ ਤੋਂ ਪੈਸੇ ਬਟੋਰਦੇ ਹਨ। ਉਨ੍ਹਾਂ ਨੂੰ ਕਿਨ੍ਹਾਂ ਹਾਲਤਾਂ ਵਿਚ ਇਥੇ ਪਹੁੰਚਾਇਆ ਜਾਂਦਾ ਹੈ, ਇਹ ਅਗਲੇ ਸੈਕਸ਼ਨ ਵਿਚ ਵਰਨਣ ਕੀਤਾ ਗਿਆ ਹੈ। ਕੈਲੇਫੋਰਨੀਆਂ ਵਿਚ ਇਹਨਾਂ ਵਿਚਾਰਿਆਂ ਦੀ ਹਾਲਤ ਬੰਦੀ ਮਜ਼ਦੂਰਾਂ ਵਰਗੀ ਤਰਸਯੋਗ ਹੈ। ਅੰਗਰੇਜ਼ੀ ਭਾਸ਼ਾ ਤੋਂ ਵਾਂਝੇ ਇਹ ਵਿਚਾਰੇ ਬਹੁਤੀਆਂ ਗੱਲਾਂ ਇਸ਼ਾਰਿਆਂ ਨਾਲ ਹੀ ਕਰਦੇ ਹਨ। ਉਂਜ ਆਪਣੇ ਮੁਫ਼ਾਦ ਖਾਤਰ ਕਈ ਲੈਂਡਲਾਰਡਾਂ ਨੇ ਥੋੜੀ ਬਹੁਤੀ ਡੰਗ ਸਾਰਨ ਜੋਗੀ ਸਪੇਨਿਸ਼ ਭਾਸ਼ਾ (ਮੈਕਸੀਕਨ ਲੋਕਾਂ ਦੀ ਬੋਲੀ) ਸਿੱਖੀ ਹੋਈ ਹੈ ਤੇ ਕਈ ਥਾਵਾਂ ਤੇ ਇਸ ਭਾਸ਼ਾ ਵਿਚ ਸਾਈਨ ਵੀ ਮਿਲਦੇ ਹਨ। ਖੇਤਾਂ ਵਿਚ ਉਹਨਾਂ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ ਹੈ। ਕੜਾਕੇ ਦੀ ਸਰਦੀ ਵਿਚ, ਮਾਰੂ ਲੋਆਂ ਵਿਚ, ਮੀਂਹ ਕਣੀ ਵਿਚ ਵੀ ਇਹਨਾਂ ਨੂੰ ਕੰਮ ਕਰਨਾ ਪੈਂਦਾ ਹੈ ਕਿਉਂਕਿ ਗੁਜ਼ਾਰੇ ਲਈ ਹੋਰ ਕੋਈ ਚਾਰਾ ਹੀ ਨਹੀਂ। ਉਹਨਾਂ ਦੇ ਰਹਿਣ ਦੀਆਂ ਹਾਲਤਾਂ ਬਹੁਤ ਹੀ ਮੰਦੀਆਂ ਹਨ। ਅਠ-ਅਠ, ਦਸ-ਦਸ ਕਾਮਿਆਂ ਨੂੰ ਇਕੋ ਕਮਰੇ ਵਾਲੇ ਫਲੈਟ ਵਿਚ ਰਹਿਣਾ ਪੈਂਦਾ ਹੈ, ਬਾਕੀ ਸਹੂਲਤਾਂ ਤਾਂ ਦੂਰ ਦੀ ਗੱਲ ਹੈ।

ਇਹ ਕਾਮੇ ਅਕਸਰ ਖੇਤੀ ਦੇ ਸੀਜ਼ਨ ਵਿਚ ਇਧਰ ਆਉਂਦੇ ਹਨ। ਸਰਮਾਏਦਾਰੀ ਏਨੀ ਚਲਾਕ ਹੈ ਕਿ ਖੇਤੀ ਦੇ ਸੀਜ਼ਨ ਦੌਰਾਨ ਜਦੋਂ ਇਹਨਾਂ ਕਾਮਿਆਂ ਦੀ ਜ਼ਰੂਰਤ ਹੁੰਦੀ ਹੈ ਤਾਂ ਇਮੀਗਰੇਸ਼ਨ ਵੱਲੋਂ ਸਖਤਾਈ ਘਟਾ ਦਿਤੀ ਜਾਂਦੀ ਹੈ। ਗ਼ੈਰ-ਕਾਨੂੰਨੀ ਢੰਗਾਂ ਨਾਲ ਆਏ ਕਰਕੇ ਉਨ੍ਹਾਂ ਕੋਲ ਵਰਕ ਪਰਮਿਟ (GREEN CARD) ਨਹੀਂ ਹੁੰਦਾ, ਇਸ ਕਰਕੇ ਉਹ ਵਿਚਾਰੇ ਦੋਮ ਦਰਜੇ ਦੇ ਹੀ ਸਮਝੇ ਜਾਂਦੇ ਹਨ। ਵਰਕ ਪਰਮਿਟ ਨਾ ਹੋਣ ਕਰਕੇ ਉਹ ਸਥਾਈ ਤੌਰ 'ਤੇ ਅਮਰੀਕਾ ਵਿਚ ਰਹਿ ਨਹੀਂ ਸਕਦੇ, ਨਾ ਹੀ ਕੋਈ ਬੇਰੁਜ਼ਗਾਰੀ ਭੱਤਾ ਲੈ ਸਕਦੇ ਹਨ। ਕਦੇ ਵੀ ਫੜੇ ਜਾਣ ਤੇ ਵਾਪਸ ਭੇਜੇ ਜਾਣ ਦਾ ਡਰ ਉਨ੍ਹਾਂ ਦੇ ਸਿਰਾਂ 'ਤੇ ਹਰ ਵਕਤ ਮੰਡਲਾਉਂਦਾ ਰਹਿੰਦਾ ਹੈ। ਇਸ ਤਰਾਂ ਚਲਾਕ ਸਰਮਾਏਦਾਰੀ ਕੰਮ ਵੀ ਵਿਤੋਂ ਵੱਧ ਇਹਨਾਂ ਤੋਂ ਲੈਂਦੀ ਹੈ ਅਤੇ ਬੇਰੁਜ਼ਗਾਰੀ ਭੱਤੇ ਅਤੇ ਹੋਰ ਸਹੂਲਤਾਂ ਵੀ ਇਹਨਾਂ ਨੂੰ ਨਹੀਂ ਮੁਹੱਈਆ ਕਰਦੀ। ਸੀਜ਼ਨ ਖ਼ਤਮ ਹੋਣ 'ਤੇ ਇਹਨਾਂ ਕਾਮਿਆਂ ਦੀ ਫੜੋ-ਫੜਾਈ ਲਈ ਸਰਕਾਰ ਵੱਲੋਂ ਇਮੀਗਰੇਸ਼ਨ ਵਾਲਿਆਂ ਦੇ ਪਟੇ ਖੋਹਲ ਦਿਤੇ ਜਾਂਦੇ ਹਨ ਤੇ ਇਹਨਾਂ ਨੂੰ ਪਕੜ ਕੇ ਵਾਪਸ ਮੈਕਸੀਕੋ ਭੇਜ ਦਿੱਤਾ ਜਾਂਦਾ ਹੈ। ਇਸ ਤਰਾਂ ਹਰ ਸਾਲ ਵਿਉਂਤਬੱਧ ਤਰੀਕੇ ਨਾਲ ਮੈਕਸੀਕਨ ਕਾਮਿਆਂ ਨੂੰ ਅਮਰੀਕਾ ਲਿਆਉਣ, ਕੰਮ ਕਰਵਾਉਣ ਤੇ ਅਖੀਰ ਵਾਪਸ ਭੇਜਣ ਦਾ ਧੰਦਾ ਚੱਲਦਾ ਰਹਿੰਦਾ ਹੈ।

ਮੈਕਸੀਕਨ ਕਾਮਿਆਂ ਦੀ ਇਸ ਢੋਆ ਢੁਆਈ, ਵਾਪਸੀ ਅਤੇ ਉਹਨਾਂ ਦੀ ਦੁਰਦਸ਼ਾ ਬਾਰੇ ਅਮਰੀਕਾ ਵਿਚ ਹੀ ਇਕ ਫਿਲਮ 'ਦਾ ਬਾਰਡਰ ਲਾਈਨ' ਬਣਾਈ ਗਈ ਹੈ। ਬਹੁਤ ਸਾਰੀਆਂ ਮਜ਼ਦੂਰ ਅਤੇ ਹੋਰ ਅਗਾਂਹਵਧੂ ਜੱਥੇਬੰਦੀਆਂ ਵਲੋਂ ਇਹ ਆਵਾਜ਼ ਬੁਲੰਦ ਕੀਤੀ ਗਈ ਹੈ ਕਿ ਇਹਨਾਂ ਕਾਮਿਆਂ ਦੀ ਹੁੰਦੀ ਇਸ ਤਰ੍ਹਾਂ ਦੀ ਲੁੱਟ ਬੰਦ ਕੀਤੀ ਜਾਵੇ ਅਤੇ ਉਹਨਾਂ ਨੂੰ ਸਥਾਈ ਤੌਰ 'ਤੇ ਰਹਿਣ ਦੀ ਇਜਾਜ਼ਤ ਦਿਤੀ ਜਾਵੇ। ਸੰਘਰਸ਼ ਜਾਰੀ ਹੈ।

ਭਾਰਤ ਦੇ ਮੌਜੂਦਾ ਰਾਜ ਪ੍ਰਬੰਧ ਵਿਚ ਕੰਮ, ਕੰਮ ਲਈ ਸੁਖਾਵੀਆਂ ਹਾਲਤਾਂ, ਸਾਧਨ ਅਤੇ ਯੋਗ ਮੁਆਵਜ਼ੇ ਦੇ ਪ੍ਰਬੰਧ ਨਾ ਹੋਣ ਕਰਕੇ ਹਰ ਸਾਲ ਹਜ਼ਾਰਾਂ ਹੀ ਨੌਜਵਾਨ 'ਸੁਨਹਿਰੀ ਭਵਿੱਖ' ਦੇ ਸੁਪਨੇ ਲੈ ਕੇ ਪੱਛਮੀ ਦੇਸ਼ਾਂ ਕੈਨੇਡਾ, ਅਮਰੀਕਾ ਆਦਿ ਵਿਚ ਜਾ ਵਸਦੇ ਹਨ। ਭਾਰਤ ਤੋਂ ਚੱਲ

ਕੇ ਡੁਬਈ, ਮਸਕਟ, ਬਹਿਰੀਨ, ਜਰਮਨੀ ਆਦਿ ਮੁਲਕਾਂ ਵਿਚੋਂ ਦੀ ਧੱਕੇ ਧੋੜੇ ਖਾਂਦੇ ਇਹ ਵਿਚਾਰੇ ਕਿਵੇਂ ਨਾ ਕਿਵੇਂ ਅਮਰੀਕਾ ਦੇ ਗਵਾਂਢੀ ਮੁਲਕ ਮੈਕਸੀਕੋ ਪਹੁੰਚ ਜਾਂਦੇ ਹਨ। ਸਰਹੱਦੀ ਮੁਲਕ ਹੋਣ ਕਰਕੇ ਉਥੋਂ ਚੋਰੀ-ਛਿੱਪੇ ਅਮਰੀਕਾ ਅੰਦਰ ਘੁਸ ਸਕਣ ਦੀ ਗੁੰਜਾਇਸ਼ ਹੁੰਦੀ ਹੈ। ਬਾਰਡਰ ਪਾਰ ਕਰਵਾਉਣ ਦਾ ਕੰਮ ਏਜੰਟਾਂ ਰਾਹੀਂ ਕੀਤਾ ਜਾਂਦਾ ਹੈ ਜਿਵੇਂ ਕਿ ਪਹਿਲੇ ਸੈਕਸ਼ਨ ਵਿਚ ਦੱਸਿਆ ਗਿਆ ਹੈ। ਬਾਰਡਰ ਵਾਲੇ ਏਰੀਏ ਵਿਚ ਲਿਆ ਕੇ ਤਰ੍ਹਾਂ ਤਰ੍ਹਾਂ ਦੇ ਚੋਰੀ ਦੇ ਢੰਗਾਂ ਨਾਲ ਅਮਰੀਕਾ ਪਹੁੰਚਾਇਆ ਜਾਂਦਾ ਹੈ। ਇਸ ਤਰਾਂ ਪਹੁੰਚਣ ਦੀ ਕਹਾਣੀ ਦੱਸਦਿਆਂ ਇਕ ਨੌਜਵਾਨ ਨੇ ਦੱਸਿਆ ਕਿ ਕਿਵੇਂ ਉਸਨੂੰ ਸ਼ਹਿਰ ਦੀ ਗੰਦਗੀ ਦੇ ਨਿਕਾਸ ਲਈ ਬਣਾਏ ਟਰੰਕ ਸਿਊਰ (TRUNK SEWER) ਵਿਚੋਂ ਦੀ ਲੱਕ ਲੱਕ ਤੀਕ ਗੰਦਗੀ ਵਿਚੋਂ ਦੀ ਕਈ ਕਿਲੋਮੀਟਰ ਲੰਘ ਕੇ ਆਉਣਾ ਪਿਆ। ਇਹਨਾਂ ਸਿਊਰਾਂ ਵਿਚ ਗੰਦੀਆਂ ਤੇ ਜ਼ਹਿਰੀਲੀਆਂ ਗੈਸਾਂ ਹਾਈਡਰੋਜਨ ਸਲਫਾਈਡ ਦੀ ਮੌਜੂਦਗੀ ਅਤੇ ਆਕਸੀਜਨ ਦੀ ਅਣਹੋਂਦ ਕਰਕੇ ਜੀਵਨ ਹੀ ਖਤਰੇ ਵਿਚ ਰਹਿੰਦਾ ਹੈ। ਇਸੇ ਤਰ੍ਹਾਂ ਹੀ ਇਕ ਹੋਰ ਨੌਜਵਾਨ ਨੇ ਦੱਸਿਆ ਕਿ ਕਿਵੇਂ ਉਸ ਨੂੰ ਤੇ ਹੋਰਨਾਂ ਸਾਥੀਆਂ ਨੂੰ ਕੰਡਿਆਲੇ ਏਰੀਏ ਵਿਚੋਂ ਦੀ ਰਾਤ ਦੇ ਹਨੇਰੇ ਵਿਚ ਰੀਂਗ ਰੀਂਗ ਕੇ ਕਈ ਕਿਲੋਮੀਟਰ ਦਾ ਪੈਂਡਾ ਪੂਰਾ ਕਰਨਾ ਪਿਆ।

ਬਾਰਡਰ ਪਾਰ ਕਰਨ ਉਪਰੰਤ ਇਹਨਾਂ ਨੂੰ ਅਕਸਰ ਏਜੰਟਾਂ ਦੁਆਰਾ ਕਾਰਾਂ ਦੀਆਂ ਡਿੱਗੀਆਂ ਵਿਚ ਮਾਸ ਦੇ ਲੋਥੜਿਆਂ ਵਾਂਗ ਤੁੰਨ ਤੁੰਨ ਕੇ ਸੁੱਟ ਲਿਆ ਜਾਂਦਾ ਹੈ। ਇਥੋਂ ਤੀਕ ਕਿ ਕੋਈ ਵੀ ਸਰੀਰਕ ਹਰਕਤ ਅਸੰਭਵ ਸੀ, ਸਾਹ ਲੈਣ ਲਈ ਵੀ ਇਕ ਛੋਟੀ ਜਿਹੀ ਚੋਰਮੋਰੀ ਰੱਖੀ ਹੋਈ ਸੀ। ਤਿੰਨ ਚਾਰ ਘੰਟੇ ਇਸੇ ਹਾਲਤ ਵਿਚ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚਾਇਆ ਗਿਆ।

ਬਦਕਿਸਮਤੀ ਏਥੇ ਹੀ ਬੱਸ ਨਹੀਂ ਹੋ ਜਾਂਦੀ। ਇਧਰ ਅਮਰੀਕਾ ਪਹੁੰਚ ਕੇ ਇਹਨਾਂ ਨੂੰ ਵੀ ਮੈਕਸੀਕਨ ਕਾਮਿਆਂ ਵਾਂਗ ਚੋਰੀ-ਛੁਪੇ ਰਹਿਣਾ ਪੈਂਦਾ ਹੈ ਉਹਨਾਂ ਵਰਗੀਆਂ ਹੀ ਹਾਲਤਾਂ ਵਾਂਗ। ਭਾਵੇਂ ਕੁਝ ਕੁ ਵਿਚੋਂ ਹੌਲੀ ਹੌਲੀ ਇਥੇ ਅਮਰੀਕਨ ਗੋਰੀਆਂ ਨਾਲ ਵਿਆਹ ਦੀ ਵਿਉਂਤ ਬਣਾ ਕੇ ਵਰਕ ਪਰਮਿਟ (ਗਰੀਨ ਕਾਰਡ) ਲੈਣ ਵਿਚ ਕਾਮਯਾਬ ਹੋ ਜਾਂਦੇ ਹਨ, ਪਰ ਬਹੁਤਿਆਂ ਨਾਲ ਅਕਸਰ ਧੋਖਾ ਹੀ ਹੁੰਦਾ ਹੈ। ਗੋਰੀਆਂ ਨਾਲ ਵਿਆਹ ਏਥੇ ਵਪਾਰ ਵਾਂਗ ਬਣ ਚੁੱਕਾ ਹੈ। ਵਿਆਹ ਲਈ ਅਤੇ ਗਰੀਨ ਕਾਰਡ ਦਿਵਾਉਣ ਲਈ ਗੋਰੀਆਂ ਚਾਰ ਪੰਜ ਹਜ਼ਾਰ ਡਾਲਰ ਇਹਨਾਂ ਤੋਂ ਬਟੋਰ ਲੈਂਦੀਆਂ ਹਨ। ਕਈ ਵਾਰੀ ਏਨੇ ਪੈਸੇ ਖਰਚ ਕੇ ਵੀ ਕੰਮ ਨਹੀਂ ਬਣਦਾ ਕਿਉਂਕਿ ਕਈ ਗੋਰੀਆਂ ਦੇ ਇਸ ਤਰਾਂ ਦੇ ਜਾਹਲੀ ਵਿਆਹ ਪਹਿਲਾਂ ਕਈ ਕਈ ਹੋਏ ਹੁੰਦੇ ਹਨ, ਤੇ ਜਦੋਂ ਇਸ ਗੱਲ ਦਾ ਪਤਾ ਲੱਗਦਾ ਹੈ, ਉਦੋਂ ਤੀਕ ਉਹ ਪੈਸੇ ਲੈ ਕੇ ਤਿੱਤਰ ਹੋ ਚੁੱਕੀਆਂ ਹੁੰਦੀਆਂ ਹਨ।

ਇਹਨਾਂ ਵਿਚੋਂ ਵਧੇਰੇ ਗਿਣਤੀ ਉਹਨਾਂ ਨੌਜਵਾਨਾਂ ਦੀ ਹੈ ਜੋ ਭਾਰਤ ਵਿਚਲੇ ਸਕੂਲਾਂ ਕਾਲਜਾਂ ਆਦਿ ਦੀਆਂ ਵਿਦਿਆਰਥੀ ਯੂਨੀਅਨਾਂ ਵਿਚੋਂ ਆਏ ਕਰਕੇ ਅਗਾਂਹਵਧੂ ਵਿਚਾਰਧਾਰਾ ਨਾਲ ਸਬੰਧਤ ਹਨ। ਆਪਣੀ ਹੋ ਰਹੀ ਜਿਸਮਾਨੀ ਅਤੇ ਮਾਨਸਕ ਲੁੱਟ ਦਾ ਉਹਨਾਂ ਨੂੰ ਅਹਿਸਾਸ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਆਪਣੇ ਦੇਸ਼ ਵਿਚ ਰੋਟੀ ਰੋਜ਼ੀ ਤੇ ਜਿੰਦਗੀ ਜਿਉਣ ਦੀਆਂ ਹਾਲਤਾਂ ਸਾਜਗਾਰ ਹੁੰਦੀਆਂ ਤਾਂ ਉਨਾਂ ਨੂੰ ਆਪਣੀ ਜਨਮ ਭੂਮੀ, ਮਾਤਭਾਸ਼ਾ, ਭੈਣ ਭਰਾ, ਰਿਸ਼ਤੇਦਾਰ ਛੱਡ ਕੇ ਬਗਾਨਿਆਂ ਮੁਲਕਾਂ ਵਿਚ ਇਸ ਤਰ੍ਹਾਂ ਜ਼ਲੀਲ ਨਾ ਹੋਣਾ ਪੈਂਦਾ। ਜਿਥੋਂ ਤੀਕ ਏਥੇ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਭਾਰਤੀਆਂ ਦਾ ਸੁਆਲ ਹੈ, ਉਹਨਾਂ ਵਿਚ ਕੁਝ ਕੁ ਲੋਕਾਂ ਨੇ ਇਹਨਾਂ ਨੌਜਵਾਨਾਂ ਦੀ ਸੰਭਵ ਮੱਦਦ ਦਾ ਬੀੜਾ ਚੁਕਿਆ ਹੈ। ਕੈਲੇਫੋਰਨੀਆਂ ਵਿਚ ਕਈ ਅਗਾਂਹਵਧੂ ਲੋਕਾਂ ਨੇ ਇਸ ਨੂੰ ਫੌਰੀ ਕਾਰਜ ਵਜੋਂ ਲਿਆ ਹੈ। ਪਰ ਕਈ ਸਖਸ਼ ਐਸੇ ਵੀ ਹਨ ਜਿਨ੍ਹਾਂ ਨੇ ਉਹਨਾਂ ਦੀ ਮੱਦਦ ਤਾਂ ਕੀ ਕਰਨੀ ਹੈ, ਸਗੋਂ ਮੁਫਤ ਜਾਂ ਘੱਟ ਪੈਸਿਆਂ 'ਤੇ ਕੰਮ ਕਰਵਾ ਕੇ ਉਨ੍ਹਾਂ ਦੀ ਲੁੱਟ ਕਰਦੇ ਹਨ। ਇਹਨਾਂ ਲੁੱਟ ਕਰਨ ਵਾਲਿਆਂ ਵਿਚ ਵੱਡੀ ਗਿਣਤੀ ਉਨ੍ਹਾਂ ਦੀ ਹੈ ਜਿਨ੍ਹਾਂ ਨੇ ਰੰਗ ਬਰੰਗੇ ਖ਼ਾਲਿਸਤਾਨੀ ਬਾਣੇ ਪਾਏ ਹੋਏ ਹਨ।

ਏਸੇ ਤਰ੍ਹਾਂ ਹੀ 'ਬਿਹਤਰ ਜਿੰਦਗੀ' ਦੇ ਸੁਨਹਿਰੀ ਸੁਪਨੇ ਲੈ ਕੇ ਹਰ ਸਾਲ ਹਜ਼ਾਰਾਂ ਹੀ ਡਾਕਟਰ, ਵਿਗਿਆਨੀ ਅਤੇ ਇੰਜਨੀਅਰ ਆਪਣਾ ਵਤਨ ਛੱਡ ਕੇ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਆ ਵੱਸਦੇ ਹਨ। ਇਸ ਤਰ੍ਹਾਂ ਜਿਥੇ ਇਕ ਪਾਸੇ ਭਾਰਤ ਦੇਸ਼ ਇਸ ਵਡਮੁੱਲੇ ਸਰਮਾਏ ਤੋਂ ਵਾਂਝਾ ਹੋ ਜਾਂਦਾ ਹੈ, ਉਥੇ ਦੂਜੇ ਪਾਸੇ ਇਹਨਾਂ ਪੱਛਮੀ ਸਾਮਰਾਜੀ ਦੇਸ਼ਾਂ ਨੂੰ ਅਰਬਾਂ ਰੁਪਇਆਂ ਦਾ ਲਾਭ ਹੋ ਜਾਂਦਾ ਹੈ। 'ਜੈਕਾਰਾ' ਦਸੰਬਰ 1978 ਅਨੁਸਾਰ ਯੂ. ਐਨ. ਓ. ਵੱਲੋਂ ਕਰਵਾਏ ਇਕ ਸਰਵੇਖਣ ਵਿਚ ਦੱਸਿਆ ਗਿਆ ਹੈ ਕਿ ਜਦੋਂ ਇਕ ਡਾਕਟਰ ਭਾਰਤ ਛੱਡ ਕੇ ਅਮਰੀਕਾ ਆ ਜਾਂਦਾ ਹੈ ਤਾਂ ਇਸ ਨਾਲ ਇਸਨੂੰ 3 ਲੱਖ 30 ਹਜ਼ਾਰ ਰੁਪਏ (1970 ਅਨੁਸਾਰ) ਦਾ ਨੁਕਸਾਨ ਹੁੰਦਾ ਹੈ ਜਦੋਂ ਕਿ ਅਮਰੀਕਾ ਨੂੰ 51 ਲੱਖ 75 ਹਜ਼ਾਰ ਰੁਪਏ ਦਾ ਲਾਭ ਹੋ ਜਾਂਦਾ ਹੈ। ਇਕ ਵਿਗਿਆਨੀ ਦੇ ਭਾਰਤ ਛੱਡਣ ਨਾਲ ਭਾਰਤ ਨੂੰ ਇਕ ਲੱਖ 72 ਹਜ਼ਾਰ ਰੁਪਏ ਦਾ ਨੁਕਸਾਨ ਹੁੰਦਾ ਹੈ ਜਦੋਂ ਕਿ ਅਮਰੀਕਾ ਨੂੰ 18 ਲੱਖ 75 ਹਜ਼ਾਰ ਰੁਪਏ ਦਾ ਲਾਭ ਹੋ ਜਾਂਦਾ ਹੈ। ਇਕੱਲੇ 1970 ਵਿਚ ਹੀ 3141 ਡਾਕਟਰ ਅਤੇ ਵਿਗਿਆਨੀ ਅਮਰੀਕਾ ਜਾ ਵਸੇ ਜਿਸ ਨਾਲ ਉਸਨੂੰ 6 ਅਰਬ 56 ਕਰੋੜ ਰੁਪਏ ਦਾ ਫਾਇਦਾ ਹੋ ਗਿਆ!

• (EDMONTON, ALBERTA)



MINT
AUTO BODY LTD.
Phone: 433-1207 ALIGNMENT and FRAME

■ Repair All Makes and Models ■
All Work Fully Guaranteed :: Courtesy Cars Available
Bhupinder (Bob) Sihota
MINT AUTO BODY LTD.
5590 Lane Street, Burnaby, B.C. V5H 2H5
ਮਿੰਟ ਆਟੋ ਬਾਡੀ ਸ਼ਾਪ ਬਰਨਬੀ ਬੀ. ਸੀ. - ਭੁਪਿੰਦਰ ਸਿਹੋਤਾ

# ਪੰਜਾਬ ਨਾਟਕ ਕਲਾ ਕੇਂਦਰ ਹੁਸ਼ਿਆਰਪੁਰ

ਰਾਜਵਿੰਦਰ

ਛੋਟੀ ਉਮਰੇ ਹੀ ਉੱਚੀਆਂ ਤੇ ਵੱਡੀਆਂ ਪਲਾਂਘਾਂ ਪੁੱਟਣ ਵਾਲੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਨੇ ਪੰਜਾਬ ਦੇ ਹਰ ਵਰਗ 'ਚ ਆਪਣਾ ਕਾਫ਼ੀ ਸਥਾਨ ਬਣਾ ਲਿਆ ਹੈ। ਪਲਸ ਮੰਚ ਦੀ ਪਹਿਲ ਕਦਮੀ ਇਹ ਹੈ ਕਿ ਇਸਨੇ ਬੁਰਜੂਆ, ਲੱਚਰ ਤੇ ਬੀਮਾਰ ਸਾਹਿਤ ਦਾ ਵਿਰੋਧ ਕਰਦੇ ਹੋਏ ਇਸ ਦੇ ਬਦਲ ਵਿਚ ਲੋਕਾਂ ਨੂੰ ਅਗਾਂਹਵਧੂ ਜੁਝਾਰੂ ਸਾਹਿਤ ਦਿਤਾ ਹੈ।

ਜਿਥੇ ਸਾਹਿਤ ਦੇ ਖੇਤਰ ਵਿਚ ਪਲਸ ਮੰਚ ਨੇ 'ਮਹਾਂ ਭੋਜ', 'ਮਲਾਹਾਂ ਦੀ ਹੇਕ 'ਤੇ', 'ਪਹੁੰਚੇ ਹਾਂ ਕਿਸ ਮੁਕਾਮ 'ਤੇ', 'ਤੀਲਾ ਤੀਲਾ ਆਲ੍ਹਣਾ' ਆਦਿ ਪੁਸਤਕਾਂ ਲੋਕਾਂ ਨੂੰ ਦਿਤੀਆਂ ਹਨ, ਉਥੇ ਸਭ ਤੋਂ ਮਹੱਤਵਪੂਰਣ ਦੇਣ ਸੰਗੀਤ ਦੀ ਦੁਨੀਆਂ ਵਿਚ ਲੱਚਰ ਤੇ ਘਟੀਆ ਗੀਤਾਂ ਦੇ ਬਦਲ ਵਿਚ ਅਗਾਂਹਵਧੂ ਗੀਤ ਸੱਚ ਲਈ ਜੂਝਦੇ ਗੀਤ ਗਾਉਣ ਵਾਲੇ ਗਾਇਕਾਂ ਅਤੇ ਲੇਖਕਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਦਿਤੀ ਹੈ।

ਇਸੇ ਹੀ ਲੜੀ ਵਿਚ ਪਲਸ ਮੰਚ ਦੀ ਮੁਖ ਇਕਾਈ ਪੰਜਾਬ ਨਾਟਕ ਕਲਾ ਕੇਂਦਰ ਹੈ। ਜਿਥੇ ਕਿ ਇਸੇ ਹੀ ਟੀਮ ਦਾ ਪੰਜਾਬ ਵਿਚ ਸਭ ਤੋਂ ਵੱਧ ਨਾਟਕਾਂ ਦੇ ਪ੍ਰੋਗਰਾਮ ਪੇਸ਼ ਕਰਨ ਦਾ ਰਿਕਾਰਡ ਹੈ। ਇਸ ਦੀਆਂ ਇਕਾਈਆਂ ਪੰਜਾਬ ਨਾਟਕ ਕਲਾ ਕੇਂਦਰ ਬਾਬਾ ਬਕਾਲਾ ਹੰਸਾ ਸਿੰਘ ਦੀ ਨਿਰਦੇਸ਼ਨਾ ਹੇਠਾਂ, ਪੰਜਾਬ ਨਾਟਕ ਕਲਾ ਕੇਂਦਰ ਹੁਸ਼ਿਆਰਪੁਰ, ਪਲਸ ਮੰਚ ਦੇ ਸੂਬਾ ਸਕੱਤਰ ਸੁਰਿੰਦਰ ਕੇਦਾਰ ਦੀ ਨਿਰਦੇਸ਼ਨਾ ਵਿਚ ਪੰਜਾਬ ਨਾਟਕ ਕਲਾ ਕੇਂਦਰ ਜਲੰਧਰ ਤੇ ਸਮੁਚੀ ਪੰਜਾਬ ਨਾਟਕ ਕਲਾ ਕੇਂਦਰ ਦੇ ਡਾਇਰੈਕਟਰ ਕਸਤੂਰੀ ਲਾਲ ਦੀ ਅਗਵਾਈ ਹੇਠ ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ ਦੇ ਜੁਝਾਰੂ ਕਲਾਕਾਰ ਆਪਣੇ ਹੋਰਨਾਂ ਇਨਕਲਾਬੀ ਸਾਥੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੇ ਨੇ, ਇਸੇ ਹੀ ਇਕਾਈ ਨੇ ਸਮੁੱਚੇ ਪੰਜਾਬ ਦੇ ਹਿੰਦੁਸਤਾਨ ਦੀ ਜਮਹੂਰੀ ਆਜ਼ਾਦੀ ਲਈ ਜੂਝ ਗਏ ਸ਼ਹੀਦ ਸਾਥੀਆਂ ਦੇ ਸ਼ਹੀਦੀ ਦਿਵਸ ਮਨਾਉਣ ਦਾ ਪ੍ਰਣ ਕੀਤਾ ਹੋਇਆ ਹੈ, ਉਥੇ ਇਸਨੇ ਲੜੀਵਾਰ ਤਿੰਨ ਕੈਸਿਟਾਂ ਅਗਾਂਹ-ਵਧੂ ਗੀਤਾਂ ਦੀਆਂ ਲੋਕਾਂ ਨੂੰ ਦਿੱਤੀਆਂ ਹਨ। ਪੰਜਾਬ ਨਾਟਕ ਕਲਾ ਕੇਂਦਰ ਵਲੋਂ ਰੀਲੀਜ਼ ਕੀਤੀ ਲੋਕ ਗੀਤਾਂ ਦੀ ਕੈਸਿਟ ਨੰਬਰ ਦੋ ਦੀ ਸੰਖੇਪ ਜਾਣ-ਪਛਾਣ ਹਾਜ਼ਰ ਹੈ।

ਇਹ ਕੈਸਿਟ ਥੋੜੇ ਜਿਹੇ ਹੀ ਲੋਕ ਸਾਜ਼ਾਂ 'ਤੇ ਖ਼ੁਦ ਕਲਾਕਾਰਾਂ ਦੁਆਰਾ ਹੀ ਸਹਿਯੋਜਿਤ ਹੈ। ਕੈਸਿਟ ਦਾ ਆਰੰਭ ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ ਦੇ ਕਲਾਕਾਰ ਅਮੋਲਕ ਸਿੰਘ ਦੀ ਕੁਮੈਂਟਰੀ ਨਾਲ ਸ਼ੁਰੂ ਹੁੰਦਾ ਹੈ। ਕਲਾਕਾਰਾਂ ਨਾਲ ਪਹਿਚਾਣ ਤੋਂ ਬਾਅਦ ਲੋਕਾਂ ਨੂੰ ਸੱਦਾ ਦਿੰਦਾ ਅਮੋਲਕ ਆਖਦਾ ਹੈ -

"ਅੱਜ ਸਮਾਂ ਤੈਨੂੰ ਰਿਹਾ ਲਲਕਾਰ ਦਿਲੀਏ
ਅੱਜ ਸੱਚ ਝੂਠ ਹੋਊਗਾ ਨਿਤਾਰ ਦਿਲੀਏ ..."

ਜੋਗਾ ਸਿੰਘ ਨਸਰਾਲੀ ਦੇ ਲਿਖੇ ਗੀਤ ਨੂੰ ਪ੍ਰਮਜੀਤ ਚੱਕ ਦੇਸ ਰਾਜ ਨੇ ਗਾਇਆ ਹੈ। ਇਸ ਸ਼ੁਰੂ ਦੇ ਗੀਤ ਤੋਂ ਹੀ ਸਾਜ਼ਿੰਦੇ ਸੁਖਦੇਵ ਤੁਲਸੀ, ਗਿਆਨੀ ਗੁਰਦੀਪ ਸਿੰਘ, ਹੰਸਾ ਸਿੰਘ, ਕ੍ਰਾਂਤੀਬੀਰ ਕ੍ਰਮਵਾਰ ਢੋਲਕੀ, ਬੈਂਜੋ, ਖੰਜਰੀ ਤੇ ਹਾਰਮੋਨੀਅਮ 'ਤੇ ਸਾਥ ਦੇ ਰਹੇ ਹਨ।

ਦੂਸਰੇ ਗੀਤ ਵਿਚ ਪੰਜਾਬ ਨਾਟਕ ਕਲਾ ਕੇਂਦਰ, ਬਾਬਾ ਬਕਾਲਾ ਦਾ ਕਲਾਕਾਰ ਮਲੂਕ ਸਿੰਘ ਆਪਣੇ ਸਾਥੀ ਗਾਇਕਾਂ ਹੰਸਾ ਸਿੰਘ, ਸਤਨਾਮ, ਜੋਗਾ ਨਸਰਾਲੀ ਨਾਲ ਪ੍ਰਣ ਕਰਦਾ ਹੈ - ਜੋਗੇ ਨਸਰਾਲੀ ਦੇ ਗੀਤ ਨਾਲ -

"ਜਾਰੀ ਰੱਖਣਾ ਹੱਕਾਂ ਦੇ ਸੰਗਰਾਮ ਨੂੰ
ਦਾਗ ਲਾਉਣਾ ਨਹੀਂ ਮਨੁੱਖਤਾ ਦੇ ਨਾਮ ਨੂੰ ..."

ਤੀਸਰੇ ਗੀਤ ਵਿਚ ਪੰਜਾਬ ਨਾਟਕ ਕਲਾ ਕੇਂਦਰ, ਲੁਧਿਆਣਾ ਦੇ ਸਾਥੀ ਜੋਗਾ ਸਿੰਘ ਨਸਰਾਲੀ ਨੌਰੰਗ ਭਵਾਨੀਗੜ੍ਹ, ਹੰਸਾ ਸਿੰਘ, ਮਲੂਕ ਸਿੰਘ, ਜੋਗਾ ਸਿੰਘ ਨਸਰਾਲੀ ਦੇ ਲਿਖੇ ਗੀਤ ਨੂੰ ਇਉਂ ਪੇਸ਼ ਕਰਦੇ ਨੇ -

"ਕਿਰਤ ਸੰਭਾਲੋ ਕਹੇ ਮਿੱਟੀ ਦੀ ਆਵਾਜ਼ ..."

ਚੌਥੇ ਗੀਤ ਵਿਚ ਨੌਰੰਗ ਭਵਾਨੀਗੜ੍ਹ (ਪ. ਨ. ਕ. ਕ. ਲੁਧਿਆਣਾ) ਦਾ ਕਲਾਕਾਰ ਸ਼ਹੀਦ ਸਾਥੀਆਂ ਨਾਲ ਇਉਂ ਪ੍ਰਣ ਕਰਦਾ ਹੈ -

"ਸੌਂਹ ਸਾਨੂੰ ਥੋਡੇ ਖ਼ੂਨ ਦੀ ਯਾਰੋ, ਰਾਹ ਥੋਡੇ 'ਤੇ ਆਵਾਂਗੇ।
ਲੰਮੀ ਹੋਊ ਕਤਾਰ ਸ਼ਹੀਦੋ, ਰਲਕੇ ਜ਼ੁਲਮ ਮਿਟਾਵਾਂਗੇ।"

ਪੰਜਵੇਂ ਗੀਤ ਵਿਚ ਪੰਜਾਬ ਨਾਟਕ ਕਲਾ ਕੇਂਦਰ, ਬਾਬਾ ਬਕਾਲਾ ਦਾ ਸਭ ਤੋਂ ਛੋਟਾ ਕਲਾਕਾਰ ਕ੍ਰਾਂਤੀਬੀਰ, ਪੀੜਤ ਤੇ ਗਰੀਬ ਪਰਵਾਰ ਦੀ ਮਾਸੂਮ ਕੁੜੀ ਦੀ ਵਿਥਿਆ ਇਉਂ ਬਿਆਨ ਕਰਦਾ ਹੈ -

"ਸਾਰਾ ਦਿਨ ਬਾਪੂ ਮੇਰਾ ਕਰਦਾ ਏ ਵਾਢੀਆਂ, ਸਾਰਾ ਦਿਨ ਮਾਂ ਰਹੇ ਸਿੱਟੇ ਚੁਗਦੀ
ਸਾਨੂੰ ਪੀਣ ਨੂੰ ਨਾ ਮਿਲਦੀ ਲੱਸੀ ਦੀ ਘੁੱਟ ਵੀ ..."

ਅਮੋਲਕ ਸਿੰਘ ਆਪਣੀ ਹੀ ਕਲਮ ਦੁਆਰਾ ਰਚਿਤ ਗੀਤ ਆਪ ਹੀ ਪੇਸ਼ ਕਰਦਾ ਹੋਇਆ ਮਾਲਵੇ ਦੇ ਗੀਤਾਂ ਦੀ ਰੀਤ ਪੂਰਦਾ ਹੋਇਆ ਅਖੌਤੀ ਆਜ਼ਾਦੀ ਦੇ ਪਾਜ ਇਉਂ ਉਧੇੜਦਾ ਹੈ -

"ਇਹਨੂੰ ਦਿੰਦੇ ਨੇ ਆਜ਼ਾਦੀਆਂ ਦਾ ਨਾਂ।
ਪੈਰ ਪਾਉਂਦੇ ਸਾਰ ਜਿਸ ਕਲ-ਮੂੰਹੀ ਚੰਦਰੀ ਨੇ, ਭਾਈਆਂ ਕੋਲੋਂ ਭਾਈ ਸੀ ਮਰਾਏ।
ਇਕੋ ਮਾਂ ਦੇ ਪੇਟ ਉਤੇ ਫੇਰ ਕੇ ਛੁਰੀਆਂ, ਪਾਕਿ ਅਤੇ ਹਿੰਦ ਨੇ ਬਣਾਏ ..."

ਕੈਸਿੱਟ ਦਾ ਸੱਤਵਾਂ ਗੀਤ ਪ.ਨ.ਕ.ਕ. ਦੇ ਸਮੁੱਚੇ ਕਲਾਕਾਰਾਂ ਵੱਲੋਂ ਕੀਤਾ ਪ੍ਰਣ ਹੈ –

"ਲੜਦੇ ਜਾਵਾਂਗੇ, ਨਾ ਕੰਡ ਭੁਆਵਾਂਗੇ..
ਜ਼ੁਲਮ ਸਹਿੰਦੀਆਂ ਚਿੜੀਆਂ ਤੋਂ ਅਸੀਂ ਜ਼ੁਲਮੀ ਬਾਜ ਤੁੜਾਵਾਂਗੇ..."

ਅਗਲੇ ਗੀਤ ਵਿਚ ਜੋਗਾ ਸਿੰਘ ਨਸਰਾਲੀ ਆਪਣੇ ਹੀ ਗੀਤ ਵਿਚ ਕ੍ਰਾਂਤੀਬੀਰ, ਸਤਨਾਮ, ਕਸਤੂਰੀ ਲਾਲ ਤੇ ਹੰਸਾ ਸਿੰਘ ਨਾਲ ਗਰੀਬ ਪਰਵਾਰ ਦੀ ਵਿਥਿਆ ਸੁਣਾਉਂਦਾ ਹੈ —

"ਗਲ ਫਟੇ ਲੰਗਾਰ ਮਾਏ, ਅੱਖੀਆਂ ਵਿਚ ਪਾਣੀ
ਇਸਦੀ ਜ਼ਿੰਮੇਵਾਰ ਅੰਮੀਏ, ਇਹ ਲੋਟੂ ਢਾਣੀ
ਤੇਰੇ ਦੁੱਖਾਂ ਦੀ ਅੰਮੀਏ ਨੀ ਮੈਂ ਰਮਜ਼ ਪਛਾਣੀ..."

ਨੌਵੇਂ ਗੀਤ ਵਿਚ ਅਮੋਲਕ ਸਿੰਘ ਦੇ ਗੀਤ 'ਇਕ ਛਿੱਟ ਚਾਨਣ ਦੀ' ਨੂੰ ਪਰਮਜੀਤ ਚਕ ਦੇਸ ਰਾਜ (ਪ.ਨ.ਕ.ਕ. ਜਲੰਧਰ) ਇਸ ਤਰ੍ਹਾਂ ਪੇਸ਼ ਕਰਦਾ ਹੈ –

"ਇਕ ਨਾ ਮਿਲਦੀ ਛਿੱਟ ਚਾਨਣ ਦੀ, ਹਨੇਰੇ ਮੁੜ ਮੁੜ ਛੋਹੇ..."

ਤੇ ਨੌਰੰਗ ਭਵਾਨੀਗੜ੍ਹ (ਪ.ਨ.ਕ.ਕ, ਲੁਧਿਆਣਾ) ਅਮੋਲਕ ਸਿੰਘ ਦੀ ਕਲਮ ਤੋਂ ਉਕਰਿਆ 'ਮੁਕਾਬਲੇ' ਨੂੰ ਪੇਸ਼ ਕਰਦਾ ਨਕਸਲਬਾੜੀ ਲਹਿਰ ਦੇ ਨੌਜਵਾਨਾਂ 'ਤੇ ਸਰਕਾਰ ਵੱਲੋਂ ਢਾਹੇ ਜਬਰ ਤੇ ਝੂਠੇ ਪੁਲਸ ਮੁਕਾਬਲੇ ਦਾ ਵਰਨਣ ਕਰਦਾ ਇਕ ਮਾਂ ਦੀ ਵੇਦਨਾ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ–

"ਵੇ ਪੁੱਤਾ, ਗਿਐਂ ਤੂੰ ਮੁਕਾਬਲੇ 'ਚ ਮਾਰਿਆ
ਸੱਚ ਤੇ ਨਹੀਂ ਆਉਂਦਾ, ਐਵੇਂ ਰੌਂਦਲੇ ਜੱਲਾਦ ਕਹਿੰਦੇ
ਗਿਆ ਤੂੰ ਮੁਕਾਬਲੇ 'ਚ ਮਾਰਿਆ..."

ਕਲੀ ਦੀ ਘਾਟ ਨੂੰ ਪੂਰਾ ਕਰਦਾ ਹੋਇਆ ਅਮੋਲਕ ਸਿੰਘ ਸਵੈ-ਰਚਿਤ ਕਲੀ ਵਿਚ ਹੰਸਾ ਸਿੰਘ, ਕ੍ਰਾਂਤੀਬੀਰ, ਸਤਨਾਮ ਸਮੇਤ ਗਰੀਬ ਕਿਸਾਨਾਂ ਦੀ ਦੁਰਦਸ਼ਾ ਇਉਂ ਪੇਸ਼ ਕਰਦਾ ਹੈ –

"ਖੇਤਾਂ ਦੇ ਵਿਚ ਕਣਕਾਂ ਲੈਣ ਹੁਲਾਰੇ ਵੇ
ਐਤਕੀਂ ਕਰਜ਼ੇ ਮੋੜ ਦਿਆਂਗੇ
ਸੇਠ ਦੀ ਵਹੀ ਤੇ ਲੰਮਾ ਖਾਤਾ ਗਿਰਵੇ ਦਾ ਸਾਹ ਮੁੜਿਆ ਨਾ
ਪਾਟੇ ਕੱਪੜੇ, ਟੁੱਟੇ ਛਿੱਤਰ, ਤੇਰੇ ਬੱਚਿਆਂ ਨੂੰ ਕੁਝ ਜੁੜਿਆ ਨਾ..."

ਲੋਕ-ਗੀਤਾਂ ਦੀ ਇਸ ਲੜੀ ਦੇ ਅਖੀਰ ਵਿਚ ਸਮੁੱਚੇ ਪੰਜਾਬ ਨਾਟਕ ਕਲਾ ਕੇਂਦਰ ਦੇ ਕਲਾਕਾਰ ਲੋਕਾਂ ਨੂੰ ਜੂਝਣ ਦਾ ਹੋਕਾ ਦਿੰਦੇ ਹੋਏ ਇਹ ਸਚਾਈ ਪੇਸ਼ ਕਰਦੇ ਹਨ–

"ਇਹ ਧਰਤੀ ਕੀਹਦੀ ਏ, ਮਜ਼ਦੂਰ ਕਿਸਾਨਾਂ ਦੀ
ਏਥੇ ਪੁਗਦੀ ਕੀਹਦੀ ਏ, ਵੇਹਲੜ ਧਨਵਾਨਾਂ ਦੀ..."

ਜੋਗਾ ਸਿੰਘ ਨਸਰਾਲੀ ਦੇ ਇਸ ਗੀਤ ਨਾਲ ਲੋਕ-ਗੀਤਾਂ ਦੀ ਇਹ ਕੈਸਿੱਟ ਸਮਾਪਤ ਹੁੰਦੀ ਹੈ।

ਸੀਮਤ ਵਸੀਲਿਆਂ ਤੇ ਕੁਝ ਰੀਕਾਰਡਿੰਗ ਤਕਨੀਕਾਂ ਦੀ ਘਾਟ ਦੇ ਬਾਵਜੂਦ ਵੀ ਇਹ ਕੈਸਿੱਟ ਨੰਬਰ ਦੋ ਪੰਜਾਬ ਨਾਟਕ ਕਲਾ ਕੇਂਦਰ ਦੀ ਵੱਡੀ ਪਰਾਪਤੀ ਹੈ। ਕੁੱਝ ਗੀਤ ਜਿਵੇਂ 'ਮੁਕਾਬਲਾ', 'ਇਕ ਛਿੱਟ ਚਾਨਣ ਦੀ' ਤੇ 'ਸ਼ਹੀਦਾਂ ਨਾਲ ਪ੍ਰਣ' ਤਾਂ ਬੇਹੱਦ ਪਸੰਦ ਕੀਤੇ ਗਏ ਹਨ ਤੇ ਪੰਜਾਬ ਅਤੇ ਬਾਹਰ ਵੀ ਅਗਾਂਹਵਧੂ ਪ੍ਰੋਗਰਾਮਾਂ 'ਚ ਗੂੰਜ ਰਹੇ ਹਨ।

ਲੋਕ-ਗੀਤਾਂ ਦੀ ਪ੍ਰਥਾ ਨੂੰ ਅੱਗੇ ਲਿਜਾਣ ਲਈ, ਇਹ ਕੈਸਿੱਟ ਤਿਆਰ ਕਰਨ ਲਈ ਪੰਜਾਬ ਨਾਟਕ ਕਲਾ ਕੇਂਦਰ ਵਧਾਈ ਦਾ ਪਾਤਰ ਹੈ। ●

(JULLUNDER, INDIA)


**Jay's Travel Ltd.**

10421 - 80 Avenue, Edmonton, Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

Jay's Travel Ltd.

# ਜੰਗਲ ਦੇ ਵਿਰੁੱਧ

"ਜੰਗਲ ਦੇ ਵਿਰੁੱਧ" ਕਾਵਿ-ਸੰਗ੍ਰਹਿ ਦੀ ਪ੍ਰਕਾਸ਼ਨ, ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਜਨਵਰੀ 1986 ਵਿੱਚ ਹੋਈ ਹੈ। ਕੈਨੇਡਾ ਦੇ ਦੋ ਪ੍ਰਗਤੀਵਾਦੀ ਲੇਖਕਾਂ ਸਾਧੂ ਅਤੇ ਸੁਖਪਾਲ ਦੁਆਰਾ ਸੰਪਾਦਤ ਇਸ ਪੁਸਤਕ ਵਿੱਚ ਕੈਨੇਡਾ ਦੇ ਕਵੀਆਂ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਝੁੱਲ ਰਹੀ ਫਿਰਕੂ-ਜਨੂੰਨ ਦੀ ਹਨੇਰੀ ਵਿਰੁੱਧ ਰਚੀਆਂ ਗਈਆਂ ਚੋਣਵੀਆਂ ਰਚਨਾਵਾਂ ਸ਼ਾਮਲ ਹਨ। ਇਹ ਪੁਸਤਕ ਦੇਸ-ਪਰਦੇਸ ਵਿੱਚ ਫਿਰਕੂ ਜਨੂੰਨ ਤੇ ਸਰਕਾਰੀ ਜਬਰ ਵਿਰੁੱਧ ਜੂਝ ਰਹੇ ਕਮਿਊਨਿਸਟ ਇਨਕਲਾਬੀਆਂ ਦੇ ਨਾਂ ਸਮਰਪਤ ਹੈ, ਜੋ ਖ਼ੂਨੀ ਹਨੇਰੀ ਵਿੱਚ ਘਿਰੇ ਪੰਜਾਬ ਦੇ ਲੋਕਾਂ ਲਈ ਉਮੀਦ ਦੀ ਇੱਕੋ ਇਕ ਕਿਰਨ ਹਨ।

ਪੁਸਤਕ ਵਿੱਚ ਕੈਨੇਡਾ ਦੇ ਇਨ੍ਹਾਂ 18 ਕਵੀਆਂ ਦੀਆਂ 40 ਕਵਿਤਾਵਾਂ ਸ਼ਾਮਲ ਹਨ: ਅਜਮੇਰ ਰੋਡੇ, ਗੁਰਚਰਨ ਰਾਮਪੁਰੀ, ਅਵਤਾਰ ਗਿੱਲ, ਸਤਵੰਤ, ਸੁਰਿੰਦਰ ਧੰਜਲ, ਮੱਖਣ 'ਟੁੱਟ', ਮਹਿੰਦਰ ਸੂਮਲ, ਅਮਰਜੀਤ ਚਾਹਲ, ਇਕਬਾਲ ਰਾਮੂਵਾਲੀਆ, ਅਮਰ ਸਿੰਘ ਧੈਂਸੀਪਾਲ, ਹਰੀਪਾਲ, ਨਾਟ ਭਿੰਡਰ, ਦਰਸ਼ਨ ਗਿੱਲ, ਅਮਨਪਾਲ ਸਾਰਾ, ਅਵਤਾਰ ਰੋਡੇ, ਮੰਗਾ ਸਿੰਘ ਬਾਸੀ, ਸਾਧੂ ਅਤੇ ਸੁਖਪਾਲ।

ਇਸ ਪੁਸਤਕ ਵਿੱਚੋਂ "ਜੰਗਲ ਦੇ ਵਿਰੁੱਧ" ਸਿਰਲੇਖ ਵਾਲੀ "ਸੰਪਾਦਕੀ ਕਵਿਤਾ" ਛਾਪ ਰਹੇ ਹਾਂ।

ਫਿਰਕੂ ਜਨੂੰਨ ਵਿਰੁੱਧ ਪੰਜਾਬੀ ਦੇ ਸਾਹਿੱਤਕਾਰਾਂ ਨੇ ਜੋ ਰੋਲ ਅਦਾ ਕੀਤਾ ਹੈ, ਉਸਨੂੰ ਚੰਗੀ ਤਰ੍ਹਾਂ ਸਮਝਣ-ਵਿਚਾਰਨ ਲਈ ਅਸੀਂ ਆਪਣੇ ਪਾਠਕਾਂ ਨੂੰ ਇਸ ਵਿਸ਼ੇ ਉਤੇ ਪ੍ਰਕਾਸ਼ਤ ਹੋਈਆਂ ਇਨ੍ਹਾਂ ਸੰਪਾਦਤ ਅਤੇ ਮੌਲਿਕ ਕਾਵਿ-ਪੁਸਤਕਾਂ ਨੂੰ ਪੜ੍ਹਨ ਦੀ ਸਿਫ਼ਾਰਸ਼ ਕਰਦੇ ਹਾਂ: ਪਹੁੰਚੇ ਹਾਂ ਕਿਸ ਮੁਕਾਮ ਤੇ, ਜਾਗ ਜਾਗ ਓ ਲੋਕਾ, ਧੁਖਦਾ ਸ਼ਹਿਰ, ਜ਼ਖ਼ਮਾਂ ਦੀ ਫ਼ਸਲ, ਤੂਫ਼ਾਨ ਦੀਆਂ ਜੜ੍ਹਾਂ ਵਿੱਚ, ਕਤਲਗਾਹ, ਜੰਗਲ ਦੇ ਵਿਰੁੱਧ, ਕਵਿਤਾ ਪੰਜਾਬ, ਉਦਾਸ ਖ਼ਤਾਂ ਦੇ ਸਿਰਨਾਵੇਂ, ਲੋਕ-ਸੱਥ।

– ਅਦਾਰਾ ਵਤਨੋਂ ਦੂਰ

---

ਜੰਗਲ ਜੋ ਹੁਕਮਰਾਨਾਂ ਦੇ ਸੰਵਿਧਾਨਾਂ ਵਿਚੋਂ ਉੱਗਿਆ ਹੈ
ਜੰਗਲ ਜੋ ਅੱਜ ਧਰਮ–
ਅਸਥਾਨਾਂ ਵਿੱਚੋਂ ਉੱਗਿਆ ਹੈ
ਜੰਗਲ ਇਹ ਜਿੱਥੇ ਵੀ ਉੱਗਿਆ ਹੈ
ਲੁੱਟ ਦੀਆਂ ਪਲਾਨਾਂ ਵਿੱਚੋਂ ਉੱਗਿਆ ਹੈ
ਜੰਗਲ ਬੀਤ ਗਏ ਵਹਿਸ਼ੀ ਯੁੱਗ ਦਾ
ਵੀਹਵੀਂ ਸਦੀ ਵਿਗਿਆਨ ਦੇ ਯੁਗ ਵਿਚ
ਰਾਜ ਕਰੇਂਦਾ ਮੁਲਖ ਤੇ
ਜੰਗਲ ਜੋ ਸਾਡੇ ਸਿਰਾਂ ਵਿਚ ਵੀ
ਜੜ੍ਹਾਂ ਫੜਦਾ ਜਾ ਰਿਹਾ
ਐ ਮਨੁੱਖ ਦੇ ਜਾਇਓ
ਉੱਠੋ
ਲੋੜੀਂਦਾ ਸਬੂਤ ਅੱਜ ਫਿਰ
ਮਨੁੱਖਤਾ ਦੀ ਹੋਂਦ ਦਾ
ਵਰਤਮਾਨ ਦੀ ਉਂਗਲ ਪਕੜ ਕੇ
ਮਨੁੱਖ ਹੋਣ ਦੇ ਪੂਰੇ ਵਿਸ਼ਵਾਸ ਸਮੇਤ
ਉੱਠੋ
ਐਲਾਨੇ ਜੰਗ ਕਰੋ ਇਸ ਜੰਗਲ ਦੇ ਵਿਰੁੱਧ
ਇਸ ਤੋਂ ਪਹਿਲਾਂ ਕਿ ਤੁਸੀਂ
ਬੀਤੀਆਂ ਸਦੀਆਂ ਦੀ ਖ਼ੁਰਾਕ ਬਣ ਜਾਓ

ਰਾਜ ਦਾ ਕਾਨੂੰਨ ਤੇ ਧਰਮ ਦਾ ਜਨੂੰਨ
ਅੱਜ ਇੱਕੋ ਜੰਗਲ ਦੇ ਦੋ ਬਘਿਆੜ
ਇਸ ਤੋਂ ਪਹਿਲਾਂ ਕਿ ਭੇਡਾਂ ਬੱਕਰੀਆਂ ਦੀ ਤਰਾਂ
''ਬਘਿਆੜਾਂ ਦੇ ਵੱਸ'' ਪੈ ਜਾਓ
''ਆਪਣੇ ਅੰਦਰਲੀ ਭੇਡ ਖ਼ੁਦ ਮਾਰੋ''
ਇਸ ਤੋਂ ਪਹਿਲਾਂ ਕਿ ਭਲਕ ਦਾ ਸੂਰਜ ਖਾਧਾ ਜਾਏ
ਇਹ ਜਾਣ ਲਓ ਕਿ
ਇਹ ਜੋ ਸੈਂਕੜੇ ਸਦੀਆਂ ਲੰਬੀ ਗੁਜ਼ਰੀ ਹੈ
ਇਹ ਰਾਤ ਹੀ ਸੀ
ਤੇ ਜਿਨ੍ਹਾਂ ਨੂੰ ਅਸੀਂ ਦਿਨ ਸਮਝਦੇ ਰਹੇ
ਉਹ ਅਸਲ ਵਿਚ ਰਾਤ ਵਲੋਂ ਸੂਰਜਾਂ ਨੂੰ ਖਾਣ ਦਾ
ਸਿਲਸਿਲਾ ਹੀ ਸੀ
ਤੇ ਇਹ ਜੰਗਲ ਉਸੇ ਰਾਤ ਦਾ ਜਾਇਆ ਹੈ
ਇਹਦੀਆਂ ਜੜ੍ਹਾਂ ਵਿਚ ਸਾਡਾ ਸੂਰਜ ਹੈ
ਇਹਦੇ ਰੁੱਖਾਂ ਨੂੰ ਬਾਲ ਕੇ
ਰਾਤ ਚੋਂ ਨਿਕਲਣ ਦਾ ਰਾਹ ਲੱਭੋ
ਇਸ ਤੋਂ ਪਹਿਲਾਂ ਕਿ ਸਾਡੇ ਸਿਰਾਂ ਵਿੱਚੋਂ
''ਰਾਹ'' ਦਾ ਖਿਆਲ ਹੀ ਚੂਸ ਲਿਆ ਜਾਵੇ

ਜਿੱਥੇ ਲਿਖਿਆ ਹੈ ''ਧਰਮ ਸੰਕਟ''
ਉੱਥੇ ਮਿਟਾ ਕੇ ਲਿਖ ਦਿਉ ''ਸ਼ਰਮ ਸੰਕਟ''
ਕੀ ਫ਼ਰਕ ਪੈਂਦਾ ਹੈ
ਇਸ ਤੋਂ ਪਹਿਲਾਂ ਕਿ ਜਹਿਰ ਦੌੜਨ ਲੱਗੇ
ਇਹਦੀ ਰਗ ਰਗ ਵਿਚ
ਪੰਜਾਬ ਦੇ ਮੱਥੇ ਤੇ ਫਿਰਕੂ ਨਾਗਾਂ ਦੇ
ਡੰਗਾਂ ਨਾਲ ਲਿਖਿਆ ''ਧਰਮ ਯੁੱਧ''
ਧੋ ਸੁੱਟੋ ਵਿਰਸੇ ਦੀ ਜਹਿਰ ਚੂਸਣੀ ਲੋਅ ਸੰਗ
ਤੇ ਕਿਰਨਾਂ ਦੀ ਕਲਮ ਪਕੜ ਕੇ
ਵਕਤ ਦੇ ਸੀਨੇ ਤੇ ਉੱਕਰ ਦਿਉ
''ਲੋਕ ਮੁਕਤੀ ਯੁੱਧ''
ਐ-ਕਲਮਾਂ ਵਾਲਿਉ
''ਆਪਣੀਆਂ ਲਿਖਤਾਂ ਵਿਚ ਮੁੱਕਾ ਭਰ ਦਿਉ''
ਇਸ ਜੰਗਲ ਦੇ ਵਿਰੁੱਧ
ਇਸ ਤੋਂ ਪਹਿਲਾਂ
ਕਿ ਤੁਸੀਂ ਇਸ ਜੰਗਲ ਦਾ ਹਿੱਸਾ ਬਣ ਜਾਓ। ●

ਪੰਜਾਬ ਸਟੂਡੈਂਟਸ ਯੂਨੀਅਨ ਦੇ ਇੱਕ ਗਰੁੱਪ ਬਾਰੇ

# ਕੈਨੇਡਾ-ਅਮਰੀਕਾ-ਇੰਗਲੈਂਡ ਦੀਆਂ ਜਥੇਬੰਦੀਆਂ ਦਾ ਸਾਂਝਾ ਬਿਆਨ

ਪੰਜਾਬ ਸਟੂਡੈਂਟਸ ਯੂਨੀਅਨ (ਪੀ. ਐਸ. ਯੂ.) ਦਾ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਅੰਦਰ ਬੜਾ ਮਹੱਤਵਪੂਰਣ ਰੋਲ ਰਿਹਾ ਹੈ। ਹਰ ਕਿਸਮ ਦੀਆਂ ਲੋਕ ਦੁਸ਼ਮਣ ਤਾਕਤਾਂ ਵਿਰੁੱਧ ਜੂਝਣ ਦੀਆਂ ਇਸ ਜੱਥੇਬੰਦੀ ਦੀਆਂ ਸ਼ਾਨਦਾਰ ਰਵਾਇਤਾਂ ਹਨ। ਪੀ. ਐਸ. ਯੂ. ਹਮੇਸ਼ਾ ਲੋਕ ਪੱਖੀ ਜੱਥੇਬੰਦੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਦੀ ਆਈ ਹੈ। ਵਿਦਿਆਰਥੀ ਮੰਗਾਂ ਲਈ ਸਫਲ ਘੋਲ ਲੜਨ, ਲੋਕ ਪੱਖੀ ਸਾਹਿਤ ਅਤੇ ਸੱਭਿਆਚਾਰ ਨੂੰ ਵਿਦਿਅਕ ਅਤੇ ਹੋਰ ਅਦਾਰਿਆਂ ਵਿਚ ਲਿਜਾਣ ਅਤੇ ਹਰ ਕਿਸਮ ਦੀ ਫਿਰਕਾਪ੍ਰਸਤੀ ਅਤੇ ਗੁੰਡਾਗਰਦੀ ਦੇ ਖਿਲਾਫ਼ ਲੜਨਾ ਇਸ ਜੱਥੇਬੰਦੀ ਦਾ ਇਤਿਹਾਸ ਹੈ। ਇਸ ਜੱਥੇਬੰਦੀ ਤੋਂ ਪ੍ਰਭਾਵਤ ਹੋਕੇ ਹਜ਼ਾਰਾਂ ਨੌਜਵਾਨਾਂ ਨੇ 'ਹਨੇਰੇ' ਦੇ ਵਿਰੁੱਧ ਜੂਝਣ ਦਾ ਫੈਸਲਾ ਕੀਤਾ ਅਤੇ ਇਨਕਲਾਬੀ ਸਫ਼ਾਂ ਅੰਦਰ ਸ਼ਾਮਲ ਹੋਏ।

ਅੱਜ ਉਸੇ ਜੱਥੇਬੰਦੀ ਦੀ ਲੀਡਰਸ਼ਿਪ ਦੇ ਇਕ ਹਿੱਸੇ (ਮੇਜਰ 'ਮੱਟਰਾਂ' ਗਰੁੱਪ) ਵੱਲੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਰਗੀ ਫਿਰਕੂ ਫਾਸ਼ੀ ਜੱਥੇਬੰਦੀ ਨਾਲ ਸਾਂਝ ਭਿਆਲੀ ਪਾਕੇ ਕਦੇ ਵੀ ਨਾ ਮੁਆਫ਼ ਕੀਤਾ ਜਾਣ ਵਾਲਾ ਬੱਜਰ ਗੁਨਾਹ ਕਰਕੇ ਇਨਕਲਾਬੀ ਜੱਥੇਬੰਦੀਆਂ ਅਤੇ ਲੋਕਾਂ ਸੰਗ ਸਿਆਸੀ ਧਰੋਹ ਕਮਾਇਆ ਹੈ। ਇਹ ਪੀ. ਐਸ. ਯੂ. ਦੇ ਹੁਣ ਤੱਕ ਦੇ ਇਨਕਲਾਬੀ ਵਿਦਿਆਰਥੀ ਲਹਿਰ ਅੰਦਰ ਮਹੱਤਵਪੂਰਣ ਰੋਲ ਉੱਤੇ ਮਿੱਟੀ ਪਾਉਣਾ ਹੀ ਨਹੀਂ, ਸਗੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਰਗੀ ਫਿਰਕੂ ਜੱਥੇਬੰਦੀ ਦੇ ਗੁਨਾਹਾਂ ਭਰੇ ਕਾਲੇ ਵਿਰਸੇ ਨੂੰ ਛੁਪਾਉਣ ਦਾ ਕੋਝਾ ਯਤਨ ਕੀਤਾ ਗਿਆ ਹੈ। ਅਸੀਂ ਜਿਹੜੇ ਬਦੇਸ਼ਾਂ ਵਿਚ ਬੈਠੇ ਹਿੰਦੁਸਤਾਨ ਵਿਚ ਸੰਘਰਸ਼ ਕਰ ਰਹੇ ਵੱਖ ਵੱਖ ਇਨਕਲਾਬੀ ਗਰੁੱਪਾਂ ਵਿਚਕਾਰ ਏਕਤਾ ਦੇ ਸੱਚੇ ਦਿਲੋਂ ਹਾਮੀ ਹਾਂ ਅਤੇ ਇਨਕਲਾਬੀ ਲਹਿਰ ਨਾਲ ਹਮਦਰਦੀ ਰੱਖਦੇ ਹਾਂ, ਪੀ. ਐਸ. ਯੂ. ਦੇ ਇਸ ਗੁੱਟ ਦੀ ਘਿਨਾਉਣੀ ਕਰਤੂਤ ਦੀ ਨਿਖੇਧੀ ਕਰਦੇ ਹਾਂ ਅਤੇ ਇਸ ਗੁੱਟ ਵੱਲੋਂ ਪੀ. ਐਸ. ਯੂ. ਦੀਆਂ ਇਨਕਲਾਬੀ ਜਮਹੂਰੀ ਰਵਾਇਤਾਂ ਅਤੇ ਇਨਕਲਾਬੀ ਸੇਧ ਨੂੰ ਉਲਟਾਉਣ ਦੀ ਸਿਆਸਤ ਦਾ ਡਟਵਾਂ ਵਿਰੋਧ ਕਰਦੇ ਹਾਂ।

ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਕਿਸੇ ਵੀ ਕਿਸਮ ਦੀ ਸਾਂਝ ਦੀ ਗੱਲ ਕਰਨਾ ਅਤੇ ਕਿਸੇ ਵੀ ਦਾਅਪੇਚਕ ਸਾਂਝ ਦਾ ਆਧਾਰ ਕਾਇਮ ਕਰਨਾ ਆਪਣੇ ਆਪ ਨੂੰ ਨਿਘਾਰ ਵੱਲ ਲੈ ਜਾਣਾ ਹੈ ਅਤੇ ਆਤਮਘਾਤੀ ਹੈ ਕਿਉਂਕਿ ਪੀ. ਐਸ. ਯੂ. ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਿਲਕੁਲ ਵੱਖੋ ਵੱਖਰੇ ਨਿਸ਼ਾਨੇ ਹਨ। ਕਿਥੇ ਤਾਂ ਇਸ ਭੈੜੇ ਨਿਜ਼ਾਮ ਨੂੰ ਢਾਹ ਮਾਰਨ ਦੀ ਗੱਲ ਅਤੇ ਕਿਥੇ ਉਸ ਨਾਲ ਸਾਂਝ ਭਿਆਲੀ ਦੀ ਗੱਲ! "ਪੰਜਾਬੀ ਕੌਮ ਦੀ ਮੁਕਤੀ ਦਾ ਰਾਹ" ਦੀ ਨਵੀਂ ਲਾਈਨ ਘੜਨ ਵਾਲਿਆਂ (ਅਜਮੇਰ-ਮਾਲੀ ਗਰੁੱਪ) ਨੂੰ ਇਹ ਤਾਂ ਸੋਚ ਲੈਣਾ ਚਾਹੀਦਾ ਸੀ ਕਿ ਜਿਸ ਫਾਸ਼ੀ ਗਰੋਹ ਨਾਲ ਜੱਫੀਆਂ ਪਾ ਕੇ ਸਾਂਝੇ ਐਕਸ਼ਨ ਦੀ ਗੱਲ ਕਰਦੇ ਹਨ ਉਹ ਤਾਂ ਸਿੱਖ ਧਰਮ ਨੂੰ ਹੀ ਇਕ ਵੱਖਰੀ ਕੌਮ ਮੰਨਦੇ ਹਨ। ਇਹ ਗੱਲ ਤਾਂ ਮਾੜੀ ਮੋਟੀ ਰਾਜਨੀਤਕ ਸੂਝ ਬੂਝ ਰੱਖਣ ਵਾਲਾ ਵਿਅਕਤੀ ਵੀ ਜਾਣਦਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਕੋਈ ਵਿਦਿਆਰਥੀ ਜੱਥੇਬੰਦੀ ਨਾ ਹੋਕੇ ਸਿਰਫ਼ ਸਰਦਾਰੜੇ ਕਾਕਿਆਂ ਦਾ ਸ਼ਿਸ਼ਕਰਿਆ ਹੋਇਆ ਗਰੋਹ ਹੈ। ਇਹਨਾਂ ਦੇ ਹੱਥ ਵਿਦਿਆਰਥੀ ਲਹਿਰ ਦੇ ਮਹਿਬੂਬ ਆਗੂ ਪ੍ਰਿਥੀਪਾਲ ਰੰਧਾਵਾ, ਲੋਕ-ਪੱਖੀ ਪੱਤਰਕਾਰ ਸੁਖਰਾਜ ਚੰਦਰ, ਸੁਮੀਤ ਅਤੇ ਅਨੇਕਾਂ ਹੋਰ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ। ਇਨ੍ਹਾਂ ਦੀ ਭਰਾਤਰੀ ਜੱਥੇਬੰਦੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਤਾਣਾ ਬਾਣਾ ਇਥੇ ਬਦੇਸ਼ਾਂ ਵਿਚ ਵੀ ਫੈਲਿਆ ਹੋਇਆ ਹੈ, ਜਿਸਦੇ ਲੀਡਰ ਆਪਣੇ ਪ੍ਰਭਾਵ ਹੇਠਲੇ ਮਾਸੂਮ ਲੋਕਾਂ ਨੂੰ ਪੂਰੀ ਬੇਸ਼ਰਮੀ ਨਾਲ ਚਰਾਂਦੇ ਹੋਏ ਐਲਾਨ ਕਰਦੇ ਹਨ ਕਿ "ਖ਼ਾਲਿਸਤਾਨ ਤਾਂ ਬਣ ਗਿਆ ਸਮਝੋ" ਤੇ "ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡ ਦਿਆ ਕਰਾਂਗੇ, ਜਿਥੇ ਨਾਸਤਕਾਂ ਲਈ ਕੋਈ ਥਾਂ ਨਹੀਂ ਹੋਵੇਗੀ।" ਇੰਗਲੈਂਡ ਵਿਚ ਇਸ ਫਾਸ਼ੀ ਟੋਲੇ ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਸਤਕ ਹੋਣ ਕਰਕੇ ਉਸ ਦੇ ਪੋਸਟਰ ਵੀ ਸਾੜੇ ਗਏ। ਇਸੇ ਤਰਾਂ ਕੈਨੇਡਾ, ਅਮਰੀਕਾ ਵਿਚ ਇਸੇ ਫਾਸ਼ੀ ਜੁੰਡਲੀ ਵੱਲੋਂ ਅਨੇਕਾਂ ਲੋਕ-ਪੱਖੀ ਪਰਚਿਆਂ ਦੇ ਪ੍ਰਬੰਧਕਾਂ, ਲੋਕ-ਪੱਖੀ ਲੇਖਕਾਂ ਅਤੇ ਕਾਰਕੁਨਾਂ ਉਤੇ ਇਸ ਗਰੋਹ ਵੱਲੋਂ ਹਮਲੇ ਕੀਤੇ ਗਏ ਹਨ।

ਇਸ ਤਰ੍ਹਾਂ ਦੀਆਂ ਫਾਸ਼ੀ ਜਥੇਬੰਦੀਆਂ ਨਾਲ ਸਾਂਝ ਭਿਆਲੀ ਪਾ ਕੇ ਅਜਮੇਰ-ਮਾਲੀ ਗਰੁੱਪ ਹੇਠਲੇ ਪੀ. ਐਸ. ਯੂ. ਦੇ ਮੇਜਰ 'ਮੱਟਰਾਂ' ਗਰੁੱਪ ਨੇ ਲੋਕ ਜਮਹੂਰੀ ਲਹਿਰ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਇਸ ਲਈ ਇਸ ਗਰੁੱਪ ਦੀ ਲੋਕ ਜਮਹੂਰੀ ਲਹਿਰ ਨਾਲ ਦਗ਼ਾ ਕਮਾ ਕੇ ਆਪਣੇ ਅੰਤਰਮੁਖੀ ਸੌੜੇ ਸਿਆਸੀ ਹਿਤਾਂ ਦਾ ਹੇਜ ਪਾਲਦੀ ਹੋਈ ਇਸ ਲੋਕ ਦੁਸ਼ਮਣ ਸਿਆਸਤ ਨੂੰ ਜਿੰਨੀ ਜਲਦੀ ਹੋ ਸਕੇ, ਇਨਕਲਾਬੀ ਜਮਹੂਰੀ ਲਹਿਰ ਦੀਆਂ ਸਫ਼ਾਂ ਵਿਚੋਂ ਖਦੇੜ ਦੇਣਾ ਚਾਹੀਦਾ ਹੈ। ਨਾਲ ਹੀ ਅਸੀਂ ਇਥੇ ਬਦੇਸ਼ਾਂ ਵਿਚ ਬੈਠੇ ਭਾਰਤੀ ਇਨਕਲਾਬੀ ਜਮਹੂਰੀ ਲਹਿਰ ਦੇ ਨਾਤੇ ਹੋਰਨਾਂ ਇਨਕਲਾਬੀ ਸਿਆਸੀ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਸੀ ਸਾਰਥਕ ਏਕਤਾ ਲਈ ਸਿਧਾਂਤਕ ਝਗੜੇ ਝਮੇਲੇ ਨਿਬੇੜ ਕੇ ਇਕ ਢੁਕਵਾਂ ਮਾਹੌਲ ਪੈਦਾ ਕਰਨ। ਜਮਹੂਰੀ ਜਨਤਕ ਸਰਗਰਮੀ ਲਾਜ਼ਮੀ ਹੀ ਸਭ ਇਨਕਲਾਬੀ ਧਿਰਾਂ ਵੱਲੋਂ ਸਥਾਪਤ ਕੀਤੇ ਇਕ ਸਾਂਝੇ ਜਾਬਤਾ ਪ੍ਰੋਗਰਾਮ ਅਧੀਨ ਇਕ ਸੂਤ ਹੋਣੀ ਚਾਹੀਦੀ ਹੈ ਤਾਂ ਹੀ ਇਸ ਦਾ ਕੁਝ ਵੱਟਿਆ ਜਾ ਸਕਦਾ ਹੈ।

ਅੰਤ ਵਿਚ ਅਸੀਂ ਪੀ. ਐਸ. ਯੂ. ਦੀਆਂ ਵਿਸ਼ਾਲ ਸਫ਼ਾਂ ਵੱਲੋਂ ਇਸ ਭੁਗੌੜੇ ਹੋਏ ਗਰੁੱਪ ਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਗੱਠ-ਜੋੜ ਦੀ ਸਮੁੱਚੀ ਲੀਹ ਨੂੰ ਰੱਦ ਕਰਨ ਅਤੇ ਪੀ. ਐਸ. ਯੂ. ਦੀ ਬੁਨਿਆਦੀ ਲੀਹ ਨੂੰ ਬੁਲੰਦ ਰੱਖਣ ਲਈ ਕੀਤੀ ਗਈ ਸਫਲ ਕਨਵੈਨਸ਼ਨ ਉਤੇ ਯਕੀਨ ਅਤੇ ਖੁਸ਼ੀ ਦਾ ਇਜ਼ਹਾਰ ਕਰਦੇ ਹਾਂ।

ਇਨਕਲਾਬੀ ਸ਼ੁਭ ਕਾਮਨਾਵਾਂ ਸਮੇਤ –

ਪਰਦੇਸੀਂ ਵੱਸਦੇ ਭਾਰਤੀ ਇਨਕਲਾਬੀ ਜ਼ਮਹੂਰੀ ਲਹਿਰ ਦੇ ਸਮਰਥਕ:

ਐਡਮੰਟਨ, ਅਲਬਰਟਾ (ਕੈਨੇਡਾ) ਗਰੁੱਪ।
ਐਂਟੀ-47 ਫਰੰਟ (ਕੈਲੇਫ਼ੋਰਨੀਆਂ) ਅਮਰੀਕਾ
ਇੰਡੀਅਨ ਵਰਕਰਜ਼ ਐਸੋਸੀਏਸ਼ਨ, ਟਰਾਂਟੋ (ਕੈਨੇਡਾ)
ਕਾਮਰੇਡ ਰਾਊ, ਅਮਰਜੀਤ ਚੰਦਨ ਤੇ ਦਰਜਨਾਂ ਹੋਰ ਸਾਥੀ (ਇੰਗਲੈਂਡ)

# ਚਾਚੀ ਪ੍ਰਤਾਪੀ

ਗੁਰਬਖਸ਼ ਦੋਸਾਂਝ

ਰੂਹ ਦੀ ਕਨਵੈਸ ਤੇ···· ਸਮੁੱਚੀ ਚਾਚੀ ਦੀ ਤਸਵੀਰ, ਉਸ ਦੀ ਜ਼ਿੰਦਗੀ ਦੇ ਪੂਰੇ ਰੰਗਾਂ 'ਚ ਪੇਂਟ ਕੀਤੀ ਹੋਈ ਹੈ। ਪਰ ਫਰੰ ਰੂਮ ਦੀ ਦੀਵਾਰ ਤੇ ਵੀ ਉਸ ਦਾ ਇੱਕ ਚਿੱਤਰ ਹੱਥ ਨਾਲ ਬਣਾ ਕੇ--- ਫਰੇਮ ਕਰਕੇ ਟੰਗਣ ਤੇ ਦਿਲ ਲੋਚਦੈ। ਜਦ ਤਕ ਉਹ ਚਿੱਤਰ ਬਣਾ ਕੇ ਕੰਧ ਦਾ ਸ਼ਿੰਗਾਰ ਨਹੀਂ ਬਣ ਜਾਂਦਾ ਤੇ ਇਸ ਦਾ ਸੱਖਣਾਪਣ ਮੈਨੂੰ ਹੋਰ ਵੀ ਅੱਖੜਦਾ ਰਹੇਗਾ। ਹਾਂ, ਤੇ ਪੇਂਟ ਕਰਨ ਲਈ ਰੰਗ-ਪਗ ਸਾਰਾ ਸ ਮਾਨ ਪੂਰਾ ਹੋ ਚੁੱਕਿਐ, ਅਜੇ ਮੈਂ ਬੁਰਸ਼ ਚਲਾਉਣਾ ਸ਼ੁਰੂ ਵੀ ਨਹੀਂ ਕੀਤਾ ਕਿ ਕੰਧ ਦਾ ਸੱਖਣਾਪਣ ਘੱਟਦਾ ਮਹਿਸੂਸ ਹੋ ਰਿਹੈ।

ਬੀਬੀ ਜੀ ਦਸਦੇ ਹੁੰਦੇ ਆ--- ਜਦੋਂ ਉਹ ਵਿਆਹੀ ਸੀ ਤਾਂ ਅਜੇ ਜ਼ਰਾ ਕੁ ਨਿਆਣੀ ਸੀ ਪਰ ਮੁਕਲਾਵੇ ਆਈ ਤਾਂ ਉਸ ਦੇ ਮੱਥੇ ਨਹੀਂ ਸੀ ਲੱਗਿਆ ਜਾਂਦਾ। ਸਾਰੇ ਪਿੰਡ ਦੀਆਂ ਕੁੜੀਆਂ ਵਹੁਟੀਆਂ, ਉਸ ਨੂੰ ਹੁੰਮ ਹੁੰਮਾ ਕੇ ਵੇਖਣ ਆਈਆਂ। ਕੁਝ-- ਇਕ ਸਾੜੇ 'ਚ ਭੁਜਦੇ ਦਿਲਾਂ ਤੋਂ ਸਿਵਾਏ, ਹਰ ਕੋਈ ਚਾਚੇ ਬਿਅੰਤੇ ਦੀ ਕਿਸਮਤ ਤੇ ਰਸ਼ਕ ਕਰ ਰਿਹਾ ਸੀ। ਕੁੜੀਆਂ ਸੋਚਣ ਸਾਡੀਆਂ ਭਾਬੀਆਂ ਉਸ ਵਰਗੀਆਂ ਹੋਣ ਤੇ ਔਰਤਾਂ ਦੇ ਅਰਮਾਨਾਂ 'ਚ ਇਹੋ ਜਿਹੀਆਂ ਨੂੰਹਾਂ ਦੀ ਲਾਲਸਾ ਪੈਦਾ ਹੋ ਗਈ। ਦਰਵਾਜ਼ਿਆਂ 'ਚ ਬੈਠੀਆਂ ਆਦਮੀਆਂ ਦੀ-ਆਂ ਢਾਣੀਆਂ 'ਚ ਤਾਂ ਕੋਈ ਵੱਖਰਾ ਹੀ ਰੰਗ ਬੱਝਾ ਪਿਆ ਸੀ--- "ਬਈ ਬਿਅੰਤਾ ਤਾਂ ਨੰਬਰ ਲੈ ਗਿਆ। ਸੁਣਿਐ--- ਮੱਥੇ ਨਹੀਂ ਲੱਗ ਹੁੰਦਾ।"

···"ਇਹ ਤਾਂ ਉਹਦੇ ਬੁੜ੍ਹੇ ਦੀ ਮੇਹਰਬਾਨੀ ਆਂ, ਸਾਡੀ ਤਾਂ ਵੱਤ ਵੀ ਲੰਘ ਚਲੀ ਆ ਅਤੇ ਸਾਡੇ ਬੁੜ੍ਹੇ ਦੇ ਕੰਨ ਤੇ ਤਾਂ ਜੂੰ ਨਹੀਂ ਸਰਕੀ।"

···"ਚਲੋ ਫਿਰ ਕੀ ਹੋਇਆ ਨਾਲੇ ਬੇਅੰਤੇ ਨਾਲ ਘੁੱਟ ਪੀ ਪਲਾ ਲਿਆ ਕਰਾਂਗੇ, ਨਾਲੇ ਹੂਰਾਂ ਦੀ ਪਰੀ ਦੇ ਦਰਸ਼ਨ ਕਰਿਆ ਕਰਾਂ-ਗੇ। ਉਸ ਮੂਰੇ ਤੋਂ ਕਿਹੜੀ ਸਾਂਭ ਹੋਣੀ ਆਂ।"

ਪੀਂਦਿਆਂ ਦੇ ਅਰਮਾਨ ਦਿਲਾਂ 'ਚ ਹੀ ਸੁਲਘ ਕੇ ਰਹਿ ਗਏ, ਚਾਚੀ ਪ੍ਰਤਾਪੀ ਦੇ ਘਰ ਵਲ ਕਿਸੇ ਦੀ ਅੱਖ ਚੁੱਕ ਕੇ ਵੇਖਣ ਦੀ ਹਿੰਮਤ ਨਾ ਪਈ। ਤਿੰਨ ਮੀਲ ਵਾਟ ਵਾਲੇ ਖੂਹ ਨੂੰ ਉਹ ਤਿੰਨ-ਤਿੰਨ ਗੇੜੇ ਮਾਰਦੀ, ਰਾਹੀ ਰਾਹ ਛੱਡ ਕੇ ਲਾਂਭੇ ਹੋ ਜਾਂਦੇ। ਵਗਦੇ··· ਵਗਦੇ ਹਲ ਖੜੇ ਹੋ ਜਾਂਦੇ, ਹਾਲੀ ਦਿਲ ਮਸੋਸ ਕੇ ਰਹਿ ਜਾਂਦੇ। ਸਾਰਿਆਂ ਤੋਂ ਪਹਿਲਾਂ ਚਾਚੇ ਬੇਅੰਤੇ ਹੁਰਾਂ ਦੀ ਰੋਟੀ ਪਹੁੰਚਦੀ। ਰੋਟੀਆਂ ਇੰਨੀਆਂ ਗੋਲ ਹੁੰਦੀਆਂ··· ਜਿਵੇਂ ਕਿਸੇ ਕਲਾਕਾਰ ਨੇ ਤਰਾਸ਼ ਕੇ ਬਣਾਈਆਂ ਹੋਣ। ਜਦੋਂ ਵੀ ਕਦੀ ਘਰਾਂ 'ਚ ਪ੍ਰਾਹੁਣੇ ਆਉਂਦੇ, ਪਤਾ ਨਹੀਂ ਉਹ ਕਿਹੜੀ ਮਸ਼ੀਨਰੀ ਫੁਰਤੀ ਨਾਲ ਫਟਾ-ਫਟ ਦਾਲ ਰੋਟੀ ਤੇ ਮਿੱਠਾ ਵੀ ਲਿਆ ਧਰਦੀ। ਖੇਤਾਂ 'ਚ ਨੱਕੇ ਮੁੜਵਾਉਂਦੀ, ਪੱਠੇ ਵਢਾਉਂਦੀ, ਕੁਤ-ਰਾਉਂਦੀ।

ਘਰ ਲਿਪ ਪੋਚ ਕੇ ਰੰਗ--ਬ--ਰੰਗੇ ਵੇਲ ਬੂਟੇ ਉਲੀਕਦੀ। ਦਾਜ 'ਚ ਲਿਆਂਦੇ ਚਰਖੇ ਨੂੰ ਘੁੰਗਰੂ ਲੱਗੇ ਹੋਏ ਸਨ-- ਲੋ ਦੀ ਲੱਠ ਵਰਗਾ ਇਹ ਚਰਖਾ ਜਦੋਂ ਘੁੰਮਦਾ ਤਾਂ ਚਾਚੇ ਬਿਅੰਤੇ ਲਈ ਮਹਾ ਸੰਗੀਤ ਹੋ ਨਿਬੜਦਾ। ਨਿੱਕੀਆਂ ਨਿੱਕੀਆਂ ਗਲੋਟੀਆਂ ਨਾਲ ਛੱਟ ਛਿੱਕੂ ਭਰ ਲੈਂਦੀ। ਕਢਾਈ 'ਚ ਵੀ ਉਹ ਬੜੀ ਮਾਹਿਰ ਸੀ। ਸ਼ੀਪੀ ਦੀ ਕਢਾਈ ਸਾਰਿਆਂ ਤੋਂ ਔਖੀ ਮੰਨੀ ਜਾਂਦੀ ਹੈ ਤੇ ਉਹ ਕਿਹਾ ਕਰਦੀ ਸੀ ਮੈਂ ਵਿਹੜਾ ਉਲੀਕ ਦਊਂ। ਦਾਜ 'ਚ ਰੰਗ ਬਰੰਗੇ ਬਾਗ਼ ਤਾਂ ਉਹ ਲਿਆਈ ਸੀ ਪਰ ਛੇਤੀ ਹੀ ਉਸ ਬਾਕੀਆਂ ਦੇ ਵੀ ਲੁਹਾ ਦਿੱਤੇ। ਡੋਰੀਆਂ ਦਾ ਰਿਵਾਜ਼ ਘਟਾ ਦਿੱਤਾ--- "ਅਖੇ ਅੱਖ ਸ਼ਰਮ ਹੋਣੀ ਚਾਹੀਦੀ ਹੈ, ਕਿੱਤੇ ਕਪੜਿਆਂ 'ਚ ਲੁੱਕ ਲੁੱਕ ਜਾਂਦੀ ਇੱ-ਜਤ ਬਚਦੀ ਆ?"

ਉਸ ਨੂੰ ਵੰਗਾ ਚੜ੍ਹਾਉਣ ਦਾ ਬਹੁਤ ਸ਼ੌਕ ਸੀ--- ਜੇ ਕਦੇ ਵਣਜਾਰੇ ਪੱਜ ਨਾਲ ਵੰਗਾ ਚੜ੍ਹਾਉਂਦੇ ਚਿਰ ਲਾਉਂਦੇ ਤਾਂ ਉਹ ਪੈ ਜਾਂਦੀ--- "ਆਨੇ ਕੱਢ ਕੱਢ ਕੀ ਵੇਖਦਾ ਆਂ? ਘਰ 'ਚ ਮਾਂ ਭੈਣ ਨਹੀਂ? ਚੱਲ! ਛੇਤੀ ਕਰ ਨਹੀਂ ਤਾਂ ਸਾਰਾ ਅੱਲੜ ਪੱਲੜ ਵਗਾਹ ਮਾਰੂੰ" ਅਗਲਾ ਵਿਚਾਰਾ ਤਬਕ ਕੇ ਜਲਦੀ ਜਲਦੀ ਤੁਰਦਾ ਬਣਦਾ।

ਕਹਿੰਦੇ ਆ-- ਇੱਕ ਵਾਰੀ ਚਾਚੇ ਬੇਅੰਤੇ ਦਾ ਸਾਰਿਆਂ ਤੋਂ ਛੋਟਾ ਮਾਮਾ ਉਨ੍ਹਾਂ ਦੇ ਘਰ ਠਹਿਰਿਆ ਹੋਇਆ ਸੀ। ਇੰਡੀਆ 'ਚ ਪ੍ਰਾਹੁਣੇ ਆ ਕੇ ਕਿਹੜਾ ਜਾਣ ਦਾ ਨਾਉਂ ਲੈਂਦੇ ਹਨ। ਕੁਦਰਤੀ ਇਕ ਦਿਨ ਚਾਚੇ ਨੂੰ ਕਿਧਰੇ ਕੰਮ ਜਾਣਾ ਪੈ ਗਿਆ। ਚਾਚੀ ਇਕੱਲੀ ਘਰ ਸੀ। ਮਾਮਾ ਅੱਧੀ ਕੁ ਰਾਤ ਨੂੰ ਉਹਦੇ ਕਮਰੇ 'ਚ ਆ ਕੇ ਰਜਾਈ 'ਚ ਸਰਕ ਗਿਆ--- "ਮੈਨੂੰ ਪਾਲਾ ਲਗਦੈ।" ਚਾਚੀ ਇੰਨੀ ਫੁਰਤੀ ਨਾਲ ਛੱਤ ਪਾ ਮਾਰਿਆ ਕਿ ਮਾਮੇ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲਿਆ। ਮੰਜੇ ਹੇਠੋਂ ਵੱਲੇ ਕੱਢਲੇ ਲਈਆਂ ਸਾਂਭਾਂ ਨੂੰ --ਸੰਮਾਂ ਵਾਲੀ ਡਾਂਗ ਠਾਹ ਕਰਦੀ ਮਾਮੇ ਦੇ ਸਿਰ 'ਚ ਲਿਆ ਮਾਰੀ ਤੇ ਫਿਰ ਡਾਂਗਾਂ ਮਾਰਦੀ ਬੋਲੀ ਗਈ-- "ਠਹਿਰ ਮਾਮਾ ਹੀਰ ਦਾ ਨਾ ਹੋਵੇ ਤਾਂ, ਤੈਨੂੰ ਕੈਦੋ ਲੰਙਾ ਨਾ ਬਣਾ ਤਾਂ ਮੈਂ ਪ੍ਰਤਾਪੀ ਨਹੀਂ ਹਰਾਮ ਜ਼ਾਦਿਆ।" ਡਰਦਾ ਮਾਰਿਆ ਅੱਧ ਨੰਗਾ ਜਿਹਾ ਮਾਮਾ, ਅੱਧੀ ਰਾਤੇ ਹੀ ਪਿੰਡੋਂ ਨਿਕਲ ਗਿਆ ਤੇ ਮੁੜ ਕੇ ਸਾਡੇ ਪਿੰਡ ਵਲੀ ਪੈਰ ਨਹੀਂ ਪਾਇਆ। ਲੋਕ ਚਾਚੀ ਪ੍ਰਤਾਪੀ ਦੇ ਸਾ-ਹਸ ਤੇ ਕਾਇਲ ਹੋ ਗਏ।

ਹੁਣ ਪੰਜ ਸਤ ਸਾਲ ਇੰਗਲੈਂਡ ਆਈ ਨੂੰ ਵੀ ਹੋ ਗਏ ਆ-- ਪਰ ਦੇਖਣੀ 'ਚ ਕੋਈ ਖਾਸ ਫਰਕ ਨਹੀਂ ਲੱਗ-ਦਾ--- ਪੁੜਪੜੀਆਂ 'ਚ ਬੇ-ਮਾਲੂਮ ਜਿਹੇ ਚਿੱਟੇ ਵਾਲ ਚਮਕਣ ਲੱਗ ਪਏ ਆ, ਬੋਲਾਂ 'ਚ ਅਜੇ ਵੀ ਉਹੀ ਮੜ੍ਹਕਾ ਐ। ਬਾਹਾਂ 'ਚ ਸੋਨੇ ਦੀਆਂ ਵੰਗਾਂ ਤੇ ਗੱਲ 'ਚ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਵਾਲਾ ਪੈਂਡਲ ਪਾਉਂਦੀ ਐ।

ਜਦੋ ਪਿਛਲੀ ਵਾਰੀ ਸਾਊਥ-ਹਾਲ ਮੈਂ ਉਸ ਨੂੰ ਮਿਲਣ ਗਈ ਤਾਂ ਮਜ਼ਾਕ--- ਮਜ਼ਾਕ 'ਚ ਕਹਿ ਬੈਠੀ--- "ਚਾਚੀ! ਅਜ ਕਲ ਤਾਂ ਔਰਤਾਂ ਆਦਮੀਆਂ ਦੀਆਂ ਫੋਟੋ ਗੱਲ 'ਚ ਪਾਉਂਦੀਆਂ ਆਂ··· ਤੁਸੀਂ ਗੁਰੂਆਂ ਦੀ ਪਾਈ ਹੋਈ ਆ!" ਚਾਚੀ ਪ੍ਰਤਾਪੀ ਦੇ ਮੂਹੋਂ ਮੁਬਾਰਕ ਹੀ ਨਿਕਲ ਗਿਆ--- "ਹਾਂ ਅ ਉਸ ਮਹਾਤਮਾ ਗਾਂਧੀ (ਚਾਚੇ ਵੱਲ ਇਸ਼ਾਰਾ) ਜਿਹੇ ਦੀ ਫੋਟੋ ਕੀ ਪਾਉਣੀ ਆਂ, ਵਾ ਗੁਰੂ ਦਸਵੇਂ-ਪਾਤਸ਼ਾਹ ਚਿੱਟੀਆਂ ਬਾਜ਼ਾਂ ਵਾਲੇ ਜ਼ੁਲਮਾਂ ਦਾ ਟਾਕਰਾ ਕਰਦੇ ਸੀਗੇ।"

ਚਾਚੀ ਪ੍ਰਤਾਪੀ ਦੇ ਮੂੰਹ ਤੇ ਚੜ੍ਹਦੇ ਸੂਰਜ ਦੀ ਤਾਮ ਵਰਗਾ ਰੰਗ ਸੀ। ਕਮਰੇ 'ਚ ਦਸਵੇਂ ਗੁਰੂ-ਗੋਬਿੰਦ ਸਿੰਘ ਜੀ ਦੀਆਂ ਭਾਂਤ ਭਾਂਤ ਦੀਆਂ ਫ਼ੋਟੋ ਲਾਈਆਂ ਹੋਈਆਂ ਸਨ। ਝਾਂਸੀ ਦੀ ਰਾਣੀ ਆਪਣੇ ਪੂਰੇ ਠਾਠ ਵਿੱਚ ਘੋੜੇ ਤੇ ਸਵਾਰ ਸੀ। ਸ਼ਹੀਦ ਭਗਤ ਸਿੰਘ ਦੀ ਫ਼ੋਟੋ ਦਸੂਤੀ ਦੀ ਕਢਾਈ ਵਿਚ ਕੱਢੀ ਹੋਈ ਜੜ੍ਹਾ ਕੇ ਰੱਖੀ ਹੋਈ ਸੀ। ਸਿੰਧੀ ਦੀ ਕਢਾਈ 'ਚ ਕਢਾਈ ਵਾਲੀ ਪੱਖੀ ਬੜੇ ਸੁਚੱਜੇ ਢੰਗ ਨਾਲ ਕੰਧ ਨਾਲ ਟੰਗੀ ਹੋਈ ਸੀ। ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਪ੍ਰਭਾਵਾਂ ਤੋਂ ਕੁਝ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੀ ਸਾਂ.. ...ਅਨਪੜ੍ਹ ਮਨ 'ਚ ਕਲਾਕਾਰਾਂ ਵਰਗਾ ਸੋਹਜ-ਸੁਆਦ। ਘਰ ਦੀ ਰੋਟੀ, ਰਸੋਈ ਦੀ ਹਰ ਚੀਜ਼ ਕਿਸੇ ਸਲੀਕੇ ਨਾਲ ਟਿਕਾਈ ਹੋਈ ਸੀ।

ਏਨੇ ਨੂੰ ਟੈਲੀਫ਼ੂਨ ਦੀ ਘੰਟੀ ਚੀਕ ਉੱਠੀ। ਚਾਚੀ ਨੇ ਦੋ ਉਲਾਂਘਾਂ ਪੁੱਟੀਆਂ ਤੇ ਟੈਲੀਫ਼ੂਨ ਦੀ ਘੰਟੀ ਜਾ ਨੱਪੀ.....। ਆਗਾਉਂਗਾ ਤੇ ਡੋਰ ਨਾ ਖੋਲ੍ਹੀਂ--- ਘੰਟੀ ਦੀ ਵੈਰ ਕੱਟ ਦੇਹ--- ਚੁੱਪ ਕਰਕੇ ਨਿਆਣੀ ਲੈ ਕੇ... ਰਜਾਈ 'ਚ ਮੂੰਹ... ਮੂੰਹ ਸਿਰ ਦੇ ਕੇ ਲੰਮੀ ਪੈ ਜਾਹ। ਜਾਹ ਨੀ ਔਂਤਰਿਆਂ ਦੀਏ, ਤੂੰ ਤਾਂ ਜੰਮਣ ਆਲੀ ਨਾਲੋਂ ਵੀ ਨਿੱਘਰ ਗਈ। ਵਿੱਸ ਘੋਲਣੀ ਤਾਂ ਬਥੇਰੀ ਆਉਂਦੀ ਆ... ਕੁਝ ਕਰਨ ਕਰਾਉਣ ਜੋਗੀ ਨਹੀਂ। ਚੰਦਰੀਏ! ਕਿਸਮਤਾਂ ਕਿੱਤੇ ਆਪ ਤੁਹਾਡੇ ਨਾਲ ਚਲ ਕੇ ਆਉਂਦੀਆਂ?"

ਮੈਂ ਸਮਝ ਗਈ ਕਿ ਕਿਤੇ ਚਾਚੀ ਦੀ ਧੀ ਦਾ ਈ ਹੋਣੈ... ਜਿਸ ਨੂੰ ਪਹਿਲਾਂ ਵਿਆਹਿਆ ਸੀ ਤਾਂ ਸ੍ਰੀ ਮਾਨ ਜੀ ਸ਼ਰਾਬੀ ਕਬਾਬੀ ਅਤੇ ਅਵੈੜੇ ਨਿਕਲੇ ਸਨ ਤੇ ਥੋੜ੍ਹੇ ਦਿਨਾਂ ਦੀ ਗਰਭਵਤੀ ਪਤਨੀ ਨੂੰ ਕੁੱਟਿਆ ਮਾਰਿਆ ਸੀ ਤਾਂ ਗਰਭ ਗਿਰ ਗਿਆ। ਬਾਅਦ 'ਚ ਕਿਸੇ ਪੱਬ ਦੀ ਲੜਾਈ... ਝਗੜੇ ਦੇ ਕੇਸਾਂ 'ਚ ਤਿੰਨ ਸਾਲ ਲਈ ਕੈਦ ਹੋ ਗਿਆ। ਪ੍ਰਤਾਪੀ ਦੀ ਲਾਡਲੀ ਧੀ ਛਿੰਦੋ ਮਾਂ ਪਿਓ ਦੇ ਬੂਹੇ ਤੇ ਆਣ ਬੈਠੀ। ਜਿਸ ਨਾਲ ਉਨ੍ਹਾਂ ਦੇ ਦਰ ਨੀਵੇਂ ਹੋ ਗਏ, ਸ਼ਰਮ ਦੇ ਮਾਰੇ ਕਿਸੇ ਦੇ ਮੂੰਹ ਮੱਥੇ ਲਗਣੋਂ ਬੱਚਣ ਲੱਗੇ। ਰਾਤਾਂ ਦੀ ਨੀਂਦ ਹਰਾਮ ਹੋ ਗਈ, ਚਾਚੀ ਦੀ ਧੀ ਸਾਰਿਆਂ ਦੀ ਤੁਰੀ ਜਾਂਦੀ ਸਾਵੀਂ ਜ਼ਿੰਦਗੀ 'ਚ ਇੱਕ ਭਾਰਾ ਪੱਥਰ ਬਣ ਕੇ ਖੜ੍ਹ ਗਈ। ਹਾਂ, ਜੇਕਰ ਉਨ੍ਹਾਂ ਦੀ ਧੀ ਦੋਜ਼ੀ ਬੰਦੇ ਤੋਂ ਭਾਵੇਂ ਸਾਰੀ ਉਮਰ ਛਿੱਤਰ ਖਾਈ ਜਾਂਦੀ ਤੇ ਉਹ ਨਰਕ 'ਚ ਵੱਸਦੀ ਚੂੰ ਤਕ ਨਾ ਕਰਦੀ ਤਾਂ.... ਇਹ ਧੀ ਰੂਪੀ ਪੱਥਰ ਮਨ ਤਾਂ ਭਾਵੇਂ ਔਖਾ ਕਰਦਾ ਪਰ ਇੱਜ਼ਤ ਨੂੰ ਜਾਹ ਤਾਂ ਨਾ ਲੱਗਦੀ। ਸ਼ਿੰਦੋ ਦੇ ਪੇਕਿਆਂ ਕੋਲ ਆ ਰਹਿਣ 'ਚ ਵੀ ਪ੍ਰਤਾਪੀ ਦਾ ਜ਼ੋਰ ਵਰ ਆ ਗਿਆ।

....."ਕੋਈ ਲੋੜ ਨਹੀਂ ਪਸ਼ੂਆਂ ਆਂਗ ਡੰਡੇ ਖਾਣ ਦੀ। ਇਥੇ ਵੀ ਕੰਮ ਕਰੂ ਤਾਂ ਆਪੇ ਆਪਣਾ ਗੁਜ਼ਾਰਾ ਤੋਰ ਲਊ, ਇਹੋ ਜਿਹੇ ਵਿਆਹ ਤੋਂ ਕਵਾਰੀ ਭਲੀ ਆ।"

ਮਾਂ... ਪਿਓ ਨੇ ਇੱਜ਼ਤ ਦਾ ਵਾਸਤਾ ਪਾਇਆ ਤਾਂ ਇਸ ਦਾ ਜਵਾਬ ਸੀ... "ਫੋਕੀ ਇੱਜ਼ਤ ਦਾ ਤਾਜ ਈ ਸਾਰੀ ਉਮਰ ਚੁੱਕੀ ਫਿਰੋਂਗੇ? ਨਿਆਣੀ ਨੂੰ ਅਗਲਾ ਭਾਵੇਂ ਜਾਨੋਂ ਮਾਰ ਦੇਵੇ।" ਚਾਚੀ ਪ੍ਰਤਾਪੀ ਦੇ ਦਬ ਦਬੇ ਨਾਲ ਛਿੰਦੋ ਨੂੰ ਪੱਕੀ ਤਾਂ ਢੋਈ ਮਿਲ ਗਈ ਪਰ ਹੁਣ ਉਹ ਮਾਪਿਆਂ ਲਈ ਪਹਿਲਾਂ ਨਾਲੋਂ ਵੀ ਚਿੰਤਾ ਦਾ ਕਾਰਣ ਬਣ ਗਈ ਸੀ। ਪਰਮਿਟ ਤੇ ਮੁੰਡੇ ਤਾਂ ਹੇੜਾਂ-ਹੇੜਾਂ ਦੀਆਂ ਹੇੜਾਂ ਆਉਣ ਨੂੰ ਤਿਆਰ ਸਨ ਪਰ ਉਹ ਸੋਚਦੇ ਸਨ... ਕੋਈ ਭਲੇਮਾਣਸ ਜਿਹੇ ਗਰੀਬ ਪਰਿਵਾਰ ਦਾ ਹੋਵੇ ਤੇ ਜੋ ਛਿੰਦੋ ਨੂੰ ਫੁੱਲਾਂ ਵਾਂਗ ਰੱਖੇ ਤਾਂ ਜੋ ਪਹਿਲੀ ਭੋਗੀ ਪੀੜ ਵੀ ਉਸ ਨੂੰ ਵਿਸਰ ਜਾਵੇ। ਕਈ ਤਰ੍ਹਾਂ ਦੀਆਂ ਸੋਚਾਂ ਵਿਚਾਰਾਂ ਪਿਛੋਂ, ਸ਼ਰੀਕੇ 'ਚ ਲੱਗਦੇ ਬੇਅੰਤੇ ਦੇ ਤਰਾ ਨੂੰ ਮੰਗਵਾ ਲਿਆ... ਜੋ ਉਨ੍ਹਾਂ ਤੋਂ ਦੂਰ ਉਨ੍ਹਾਂ ਦੇ ਜੱਦੀ ਪਿੰਡ ਵੱਸਦੇ ਸਨ। ਪਰ... ਪਰ... ਛਿੰਦੋ ਦੀ ਜ਼ਿੰਦਗੀ ਨਾਲ ਬਾਹਰ ਨੇ ਕੱਟੀ ਕੀਤੀ ਹੋਈ ਲੱਗਦੀ ਸੀ ਤਾਂ ਹੀ ਤਾਂ ਉਹ ਭੁੱਖਾ ਮਰਦਾ ਜੱਟ... ਇਥੇ ਆ ਕੇ ਰੱਜ ਕੇ ਰੋਟੀ ਲੱਗ ਪਿਆ ਤੇ ਇਹ ਰੱਜ ਉਹਨੂੰ ਪੋਹਿਆ ਨਹੀਂ, ਉਹ ਵੀ ਬੇਅੰਤ ਸ਼ਰਾਬ ਪੀਣ ਲਗ ਪਿਆ ਤੇ ਸੜਕਾਂ ਤੇ ਡਿੱਗੇ ਨੂੰ ਚੁੱਕ ਕੇ ਲੋਕੀਂ ਘਰ ਛੱਡ ਕੇ ਜਾਂਦੇ ਸਨ।

ਚਾਚੀ ਪ੍ਰਤਾਪੀ ਅਜੇ ਤਕ ਫੋਨ ਤੇ ਗਲਾਂ ਕਰ ਰਹੀ ਸੀ।..."ਹੋਰ ਪਹਿਲਾਂ ਅਗਲੇ ਤੋਂ ਹੱਡ ਤੁੜਵਾਉਂਦੀ ਸੀ... ਹੁਣ ਇਹਨੂੰ ਸਾਨ੍ਹ ਜਿਹੇ ਨੂੰ ਸਿਰ ਚਾੜ੍ਹ ਲਿਆ। ਦਫ਼ਾ ਕਰਦੀ ਸੁ ਪਰੇ ਨਾ ਕਰਵਾਉਂਦੀ ਵਿਆਹ ਜੇ ਨਹੀਂ ਸੀ ਹਿੰਮਤ ਤਾਂ..... ਰੋਈ ਜਾਇਆ ਕਰ.. ਬਹੁਤ ਸੋਹਣਾ ਕੰਮ ਆਂ। ਆਹੋ! ਤੂੰ ਜੰਮੀ ਰੋਣ ਲਈ ਹੋਣੀ ਆਂ। ਅਗੇ ਮਾਂ ਰੋਂਦੀ ਆ ਹੁਣ ਤੂੰ ਰਲ ਜਾਹ।"

ਮੈਨੂੰ ਲੱਗਾ ਜਿਵੇਂ ਦੂਜੇ ਪਾਸਿਉਂ ਸਿਸਕੀਆਂ ਦੀ ਅਵਾਜ਼ ਆ ਰਹੀ ਹੋਵੇ। ਸਾਰੀ ਫ਼ਿਜ਼ਾ ਗਮ 'ਚ ਤੜਪ ਉੱਠੀ। ਬਾਹਰ ਵਗਦੀ ਤੇਜ਼ ਹਵਾ ਪਿੰਡੋਆਂ ਨੂੰ ਖੜਕਾਉਂਦੀ ਬਗਾਵਤ ਕਰਦੀ ਲੱਗੀ... ਪਰ ਕਮਰੇ ਦੀਆਂ ਚੀਜ਼ਾਂ ਖ਼ਾਮੋਸ਼ੀ ਦਰਦ ਪੀਂਦੀ ਜਾ ਰਹੀਆਂ ਸਨ। ਚਾਚੀ ਦਾ ਮਨ ਵੀ ਭਰ ਗਿਆ ਲੱਗਦਾ ਸੀ। ਪਰ ਮੱਠੀ ਅੱਗ ਤੇ ਰਖੇ ਪਤੀਲੇ ਵਾਂਗ ਉਹ ਵਿਚੋਂ ਵਿਚ ਉਬਾਲੇ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੀ ਸੀ।

....."ਅੱਛਾ--- ਅੱਛਾ ਜਾ ਤੂੰ ਬੀਬੀ ਧੀ ਬਣਕੇ..... ਘਰ ਜਾ ਕੇ ਰਾਮ ਕਰ... ਕਲ ਨੂੰ ਦੇਖਾਂਗੇ। ਲੈ ਕਮਲੇ ਨਹੀਂ ਬਣੀਦਾ। ਦਸਵੇਂ ਪਾਤਿਸ਼ਾਹ ਨੇ ਚਾਹਿਆ ਤਾਂ ਸਾਰਾ ਕੁਝ ਠੀਕ ਹੋ ਜਾਊ। ਔਰੈਂਟ? ਛੇਤੀ ਕਰ ਕੁੜੀ ਨੂੰ ਠੰਢ ਨਾ ਲਗ ਜਾਏ।" ਚਾਚੀ ਨੇ ਨਰਮ ਪੈਂਦਿਆਂ ਕਿਹਾ।

...."ਅੰਟੀ! ਮਾਸੀ ਛਿੰਦੋ ਦਾ ਫੂਨ ਸੀ?"

--"ਆਹੋ ਧੀਏ ਇਸ ਚੰਦਰੀ ਦੇ ਕਰਮ ਈ ਮਾੜੇ ਆ, ਹੋਰ ਸਾਰੀ ਦੁਨਿਆ ਰੰਗੀ ਵੱਸਦੀ ਆ... ਇਸ ਸਿਰ-ਮੁੰਨੀ ਨੂੰ ਬਲੈਤਾਂ 'ਚ ਈ ਕਿਸੇ ਨੀ ਢੁੱਕਿਆ। ਦੋਂਹ ਧੀਦਿਆਂ ਨੂੰ ਰੋਟੀ ਖਾਣ ਜੋਗੇ ਕਰ ਦਿੱਤਾ ਤੇ ਆਪ ਸਾਰੀ ਜਵਾਨੀ ਗਾਲ ਲਈ ਅਗਲਿਆਂ ਪੈਨੀ ਜਿੰਨੀ ਕਦਰ ਨਹੀਂ ਪਾਈ। ਇਹ ਵੀ ਕੁਛ ਨਹੀਂ ਕਰਨ ਜੋਗੀ.... ਬਸ ਐਵੇਂ ਰਊਂ-ਰਊਂ ਕਰੀ ਜਾਊ।"

ਏਨੇ ਨੂੰ ਚਾਚਾ ਬੇਅੰਤਾ ਵੀ ਆ ਗਿਆ। ਬਰਫ਼ ਪੈਰਾਂ ਤੋਂ ਝਾੜਦੇ ਨੇ ਆ ਕੇ ਠੰਢਾ ਬਰਫ਼ ਵਰਗਾ ਹੱਥ ਮੇਰੇ ਸਿਰ ਤੇ ਪਿਆਰ ਨਾਲ ਫੇਰਿਆ।... ਤਲਖ਼ ਹੋਏ ਵਾਤਾਵਰਣ 'ਚ ਕੁਛ ਚੰਗਾ... ਚੰਗਾ ਘੁਲਦਾ ਜਾਪਿਆ।

...."ਮਲ। ਕਿੱਦਾਂ ਰਾਜ਼ੀ ਆਂ? ਮਾੜੀ ਹੋ ਗਈ ਲੱਗਦੀ ਆਂ, ਡੈਟਾਂ-ਫੂਟਾਂ ਦਾ ਸਿਆਪਾ ਨਾ ਕਰਿਆ ਕਰ, ਕੁਛ ਖਾਇਆ-ਪੀਇਆ ਕਰ। ਪ੍ਰਤਾਪੀਏ ਤੂੰ ਰੀਓ ਇਨ੍ਹਾਂ ਨੂੰ ਪਿੰਨੀਆਂ-ਪੂੰਨੀਆਂ ਬਣਾ ਦੇਹ। ਨਿਆਣ ਨੂੰ ਘੋਲ ਹੋ ਜਾਂਦੀ ਆ। ਮੇਰੇ ਮਨ 'ਚ ਚਾਚੇ ਬੇਅੰਤੇ ਪਰਤੀ ਜਾਗੇ ਮੋਹ ਨੇ ਥੋੜ੍ਹੇ ਚਿਰ ਪਹਿਲਾਂ ਉਮਰਦੀ-ਪੀੜ ਨੂੰ ਘਟਾ ਦਿੱਤਾ। ਉਸ ਨੂੰ ਮੇਰਾ ਕਿੰਨਾਂ ਫ਼ਿਕਰ ਸੀ। ਉਸਦੇ ਬੋਲਾਂ 'ਚ ਪਿੰਨੀਆਂ ਨਾਲੋਂ ਵਧੇਰੇ ਰੂਹ ਖਿੜਾਉਣ ਦੀ ਤਾਕਤ ਸੀ।

...."ਮੌਖਾਂ ਜੀ! ਇਹ ਤਾਂ ਔਰੈਂਟ ਈ ਆ.... ਮੁੰਡਾ ਬਥੇਰਾ ਗਊਆ, ਸੁੱਖ 'ਨ ਕਿਸੇ ਚੀਜ਼ ਦਾ ਘਾਟਾ। ਨੀ। ਉਧਰ ਆਖਣੀ ਸਾਲੀ ਦਾ ਫ਼ਿਕਰ ਕਰੋ। ਮੂਰਾ ਸ਼ਰਾਬੀ ਸਾਡੇ ਲਈ ਰੱਖਿਆ ਹੋਇਆ ਸੀ? ਸਾਨ੍ਹ ਵਰਗਾ ਫੈਲਰਦਾ ਜਾਂਦਾ ਆ। ਪੀਣ ਤੋਂ ਛੁੱਟ ਉਹਨੂੰ ਹੋਰ

ਕੋਈ ਕੰਮ ਈ ਨਹੀਂ। ਜਦੋਂ ਤਿੱਗੇ ਨੂੰ ਚੁੱਕ ਕੇ ਲੋਕੀਂ ਛਡ ਕੇ ਜਾਂਦੇ ਆ ਤਾਂ ਜੀਣ ਦਾ ਕੋਈ ਹੱਜ ਰਹਿ ਜਾਂਦੈ? ਨਸਲ ਦਾ ਪਤਾ ਸੀ ਤਾਂ ਸਾਕ ਈ ਨਾ ਕਰਾਉਂਦਾ ਜਾਂ ਆਪਣੇ ਉਸ ਕੁਛ ਲੱਗਦੇ ਨੂੰ ਸਮਝਾ ਕੇ ਦੇਖ।" ਭਾਬੀ ਦਾ ਮੂੰਹ ਗਿਰਮ 'ਚ ਸੂਹਾ ਹੋਇਆ ਪਿਆ ਸੀ।

...."ਮੈਂ ਕਿਉਂ ਸਮਝਾਵਾਂ? ਸੜਕਾਂ ਤੇ ਲਿੱਟਦਾ ਆ ਤਾਂ ਲਿਟੀ ਜਾਣ ਦਿਉ.... ਏਥੇ ਇਕ ਦੁਨੀਆਂ ਲਿਟਦੀ ਆ? ਮੈਂ ਕਿਹਦੇ...ਕਿਹਦੇ ਨਾਲ ਜਾ ਕੇ ਲੜਾਂ। ਲੋਕਾਂ ਦੇ ਆਦਮੀਆਂ ਦੀਆਂ ਗਲਾਂ ਮਾਰਦੀਆਂ ਸਾਹ 'ਨੀ ਲੈਂਦੀਆਂ, ਪਰ ਵਾਰੀ ਕਿਉਂ ਨਾ ਮੋਸ਼ੀ ਮਾਰਦੀਆਂ? ਸਾਂਦੇ ਹੋਏ ਵਾਤਾਵਰਣ 'ਚ ਤੱਤੀ ਤੱਤੀ ਭਾਹ ਦਾ ਘੁੱਟ ਭਰਨ ਬਾਂਗ... ਭਾਬੋ ਦੇ ਲਫ਼ਜ਼ ਅਸਰ ਪੈਦਾ ਕਰ ਗਏ।

ਭਾਬੀ ਦੇ ਮਨ 'ਚ ਛਾਲੇ ਛਲਕੇ...."ਉਦਾਂ ਈ ਕਹੇ ਮੈਂ ਹੱਥਾਂ 'ਚ ਵੰਗਾਂ ਪਾਈਆਂ ਹੋਈਆਂ ਆਂ, ਹੋਦੇ ਤਰਾ ਤਾਂ ਇਕ ਵਾਰੀ ਬੰਦੇ ਦਾ ਪੁੱਤ ਨਾ ਬਣਾ ਦਿਆਂ।" ਭਾਬੀ ਦੀ ਆਵਾਜ਼ 'ਚ ਅੱਡਾ · ਖਾਸਾ ਰੋਹ ਸੀ।

...."ਪਹਿਲਾਂ ਆਪਣੇ ਪਿਓ ਨੂੰ ਬੰਦਾ ਬਣਾ ਲੈ ਫਿਰ ਕਿਸੇ ਹੋਰ ਨੂੰ ਬਣਾ ਲਈਂ।" ਕਹਿੰਦਾ ਭਾਬਾ... ਆਪਣੇ ਚਿਰੋਂ ਲਹਿ-ਲੇ ਤੇ ਦਹਿਲਾ ਲਾ ਕੇ ਛਪ-ਛਪ ਪਾਉੜੀਆਂ ਚੜ੍ਹ ਗਿਆ। ਅੱਜ ਤੱਕ.... ਮੈਂ ਭਾਬੀ ਨੂੰ ਕਦੇ ਨੀਹਲਾ ਬਣਦਿਆਂ ਨਹੀਂ ਤੱਕਿਆ.... ਪਰ --ਪਰ ਅੱਜ ਉਸ ਦੀਆਂ ਅਖਾਂ ਚੋਂ ਦਰਦ ਪ੍ਰੋਤੀ ਸ਼ਬਨਮ ਵਹਿ ਤੁਰੀ ਤੇ ਮੈਂ ਪਹਿਲੀ ਵਾਰੀ ਸੋਚਿਆ... ਕਿ ਅੱਜ ਉਸ ਦੀ ਬੀਤੀ ਜ਼ਿੰਦਗੀ ਦੀ ਉਡਾਣੀ 'ਚ ਵੀ ਕੁਝ ਗਲਤ-ਮਲਤ ਜਾਂ ਬਸੁਰਾ ਵਾਪਰਿਆ ਸੀ।... ਜਿਸ ਦਾ ਕਰਕੇ... ਉਸ ਦਲੇਰ ਔਰਤ ਦਾ ਦਿਲ ਕੁਝ ਲਫ਼ਜ਼ ਹੀ ਕਤਲ ਕਰਕੇ ਰੱਖ ਗਏ ਸਨ।

ਮੇਰੇ...ਦੁਖ ਵੰਡਾ ਲੈਣ ਵਾਲੇ ਵਲਾਵੇ 'ਚ ਉਹ ਸੰਭਲੀ ਤੇ ਮੇਰੇ ਸਾਹਮਣੇ ਉਹ ਕਿਸੇ ਨਾਟਕ ਦੀ ਪਾਤਰ ਵਾਂਗ ਤਣ ਕੇ ਬੈਠ ਗਈ। ਉਸ ਦੇ ਨੈਣਾਂ 'ਚ ਬੱਦਲ-ਵਾਈ ਵਰਗੇ ਮੌਸਮ ਜਿੰਨੀ ਰੋਸ਼ਨੀ ਵੀ ਨਹੀਂ ਸੀ।

"ਕੀ ਦੱਸਾਂ ਧੀਏ! ਆਪਣਾ ਈ ਢਿੱਡ ਪਾੜਾਂ ਤੇ ਪੱਟੀ ਕਿਥੇ ਬੰਨ੍ਹਾਂ? ਪਹਿਲਾਂ ਮੇਰੇ ਤਾਈਏ ਨੇ ਰੱਜ ਕੇ ਲਹੂ ਪੀਤਾ ਤੇ ਹੁਣ ਉਸ ਵਰਗਿਆਂ ਹੋਰਾਂ ਨੇ। ਮੈਂ ਤਾਂ ਅਜ ਤਾਈਂ ਕਦੇ ਕਿਸੇ ਕੋਲ ਕੂਈ ਤਕ ਨੀਂ। ਪਰ ਆਦਮੀ ਤਾਂ ਚੈਨਾ ਉਨਾ ਵੀ ਨਹੀਂ ਦੇਖਦੇ.... ਤੇਰੇ 'ਚ ਮੈਨੂੰ ਕੁਝ ਚੰਗਾ ਈ ਮਹਿਸੂਸ ਹੁੰਦੈ.... ਤੇ ਤੂੰ ਮੈਨੂੰ ਧੀਆਂ ਵਰਗੀ ਈ ਲੱਗਦੀ ਆਂ, ਤੇ ਤੇਰੇ ਕੋਲ ਗੱਲ ਕਰਦੀ ਦੀ...ਮੇਰੀ ਜ਼ਬਾਨ ਈ ਸੰਗਦੀ ਹੁੰਦੀ ਆ। ਮੇਰਾ ਪੜਦਾਦਾ ਸਿੰਘਾਂ ਪੁਰ ਵੱਲ ਗਿਆ ਹੋਇਆ ਸੀ... ਬੇ ਹਿਸਾਬਾ ਉਸ ਪੈਸਾ ਪਾਇਆ। ਮਕਾਨ ਵੀ ਚੰਗੇ ਬਣ ਗਏ..... ਜ਼ਮੀਨ ਜਾਇਦਾਦ ਵੀ ਬਥੇਰੀ ਬਣਾ ਗਿਆ। ਉਸ ਦੇ ਐਸ਼ਾਂ ਮੀਟਦਿਆਂ ਈ ਪਹਿਲਾਂ ਤਾਂ ਬਾਬੇ ਨੇ ਤੇ ਭਾਪੇ ਨੇ ਕੰਮ ਮੁਕਾਤਾ। ਅਫ਼ੀਮਾਂ.... ਡੋਡਿਆਂ ਸ਼ਰਾਬਾਂ ਤੇ ਹੋਰ ਨਾਚ ਮੰਡਲੀਆਂ ਦੇ ਮੂੰਹ ਅੱਗੀ... ਪਰੌਂਧੀ ਥਿਲੇ ਲਗ-ਗੀ। ਬਾਕੀ ਰਹਿੰਦੀ ਖੂੰਹਦੀ ਕਸਰ ਤਾਈਏ ਨੇ ਪੂਰੀ ਕਰ'ਤੀ, ਜੋ ਨਾ ਸੋ ਕੰਮ ਉਹਨੇ ਕੀਤਾ..... ਡਰਦੇ ਮਾਰੇ ਲੋਕੀਂ ਪਹੁ ਪਹੁ ਰਹਿੰਦੇ ਜਾਂ ਫਿਰ ਤਾਈਏ ਵਰਗੇ ਦੋ ਚਾਰ ਉਸ ਨਾਲ ਖਾਣ ਪੀਣ ਨੂੰ ਰਹਿੰਦੇ। ਜਾਇਦਾਦ...ਰੋਹੀ ਦੇ ਕਪੜੇ ਡਾਂਗਾਂ ਦੇ ਗੱਜਾਂ ਵਾਂਗ ਉੱਡਦੀ ਰਹੀ।

ਮੇਰਾ ਪਿਓ.... ਮੇਰੀ ਮਾਂ ਦੇ ਸਾਹਮਣੇ ਦੂਜੀ ਤੀਵੀਂ ਲੈ ਕੇ ਪੈਂਦਾ ਸੀ। ਮੇਰੀ ਮਾਂ ਨੂੰ ਕਿਹੜੇ ਕੀੜੇ ਪਏ ਹੋਏ ਸੀ-ਪਰ ਉਹ ਤਾਂ ਗਊ ਸੀ ਤੇ ਗਊਆਂ ਦਾ ਜ਼ਮਾਨਾ ਨਹੀਂ ਰਿਹਾ। ਉਸ ਰੱਬ ਦੇ ਬੰਦੇ ਨੇ ਬਾਲੀਆਂ ਵਗਾਹ ਵਗਾਹ ਮਾਰਨੀਆਂ। ਅਜ ਫਲਾਣੀ ਦਾਲ ਖਾਣੀ ਸੀ, ਢਮਕਾਣੀ ਸਬਜ਼ੀ ਖਾਣੀ ਸੀ.... ਲੂਣ ਥੋੜ੍ਹੈ...ਮਿਰਚ ਵੱਧ ਆ, ਗੱਲ ਕੀ...ਰੋਜ਼ ਈ ਕੋਈ ਨਾ ਕੋਈ ਮਾਂ ਨੂੰ ਕੁੱਟਣ ਲਈ ਪੱਜ ਲੱਭ ਲੈਣਾ। ਜੋ ਨਾ ਸੋ ਮੂੰਹ ਆਇਆ ਗੰਦ ਬੱਕਣਾ। ਹੌਲੀ.... ਹੌਲੀ ਸਾਡੇ 'ਚ ਗਰੀਬੀ ਆਉਂਦੀ ਗਈ। ਕਹਿੰਦੇ ਆ ਨਾ ਰੱਬ ਰੁਲਾਇਆ ਤਾਂ ਭਰੇ ਸੰਦੂਕ ਖਾਲੀ ਹੋ ਜਾਂਦੇ ਆ। ਤਾਈਏ ਨੇ ਤਾਂ ਸਾਰੀ ਉਮਰ ਡੱਕਾ ਤੋੜ ਕੇ ਦੂਹਰਾ ਨਾ ਕੀਤਾ -- ਜ਼ਮੀਨ ਗਹਿਣੇ ਪੈ ਗਈ --- ਇਥੋਂ ਤਕ ਕੇ ਰੋਟੀ ਦੇ ਵੀ ਲਾਲੇ ਪੈ ਗਏ।

ਮੈਂ ਸਾਹ ਵੀ ਉੱਚੀ ਨਹੀਂ ਸਾਂ ਭਰ ਰਹੀ। ਸਾਰੇ ਲਫ਼ਜ਼ ਮੇਰੀ ਰੂਹ 'ਚ ਰਕਾਰਡ ਹੋਈ ਜਾ ਰਹੇ ਸਨ। ਗੈਸ ਕੁੱਕਰ ਤੇ ਰਿੱਝਦੀ ਦਾਲ ਦੀ ਭਾਫ਼ ਰਸੋਈ ਛੱਤ ਤੇ ਅੱਥਰੂ ਬਣ ਕੇ ਚਮਕਣ ਲੱਗੀ--- ਜਿਵੇਂ ਸਾਰੇ ਕੁਮਰੇ 'ਚ ਦਰਦ ਚੋਣ ਲੱਗ ਗਿਆ ਹੋਵੇ। ਭਾਬੀ ਨੇ ਭਾਫ਼ ਨਿਕਲਣ ਲਈ ਵਿੰਡੋ ਦੁਪੱਲੇ ਖੋਲ੍ਹ ਦਿੱਤਾ (ਜਿਵੇਂ ਅੱਜ ਉਸ ਅੰਦਰ ਦਾ ਜਿੰਦਰਾ ਖੋਲਿਆ ਸੀ) ਹਵਾ ਸਾਨੂੰ ਭਾਬੀ ਦੀ ਜ਼ਿੰਦਗੀ ਵਰਗੀ ਠੰਢੀ ਠਾਰ ਗਲਵਕੜੀ ਪਾਉਂਦੀ... ਰਸੋਈ ਚੋਂ ਖਿਲਰਿਆ ਦਰਦ ਬਾਹਰ ਚੋਣ ਲੱਗੀ।

..."ਉਪਰੋਂ ਮੈਂ ਜਵਾਨ ਹੁੰਦੀ ਗਈ ਤੇ ਬਹੁਤੀਆਂ ਗੱਲਾਂ ਸਮਝਣ ਲੱਗੀ। ਇਕ ਦਿਨ ਫਿਰ ਮੇਰੇ ਇਸ ਕੱਬੇ ਪਿਓ ਨੇ ਥਾਲੀ ਚੁਬਾਰਿਓਂ ਵਗਾਹ ਕੇ ਮਾਰੀ ਤੇ ਕੈਂਹ ਦੀ ਥਾਲੀ ਦੇ ਟਨ--- ਟਨ ਮੇਰੇ ਅੰਦਰ ਬਾਹਰ ਭਰ ਗਈ। ਉਪਰੋਂ ਦੋ ਚਾਰ ਲੱਤਾਂ ਮੇਰੀ ਮਾਂ ਦੇ ਮਾਰ ਕੇ ਖੂੰਜੇ ਲਾਤੀ। ਗਾਲ੍ਹਾਂ ਇਹੋ ਜਿਹੀਆਂ ਕੱਢੀਆਂ ਕਿ ਆਂਢੀਆਂ ਗੁਆਂਢੀਆਂ ਨੇ ਬੂਹੇ ਢੋਹ ਲਏ।

ਮੈਂ ਸਾਰੀ ਰਾਤ ਨਾ ਸੁੱਤੀ। ਤਾਈਏ ਦੇ ਪੱਸੂ ਪੁਣੇ ਨੇ ਮੇਰੇ 'ਚ ਕਣੀਕੀਆਂ ਖਾਂਦੀ ਅਣਖ ਨੂੰ ਜੁਆਲਾ ਲਾ ਤਾ। ਮੈਂ ਮਨ 'ਚ ਤਾਈਏ ਨਾਲ ਗਲ ਕਰਨ ਦੀ ਧਾਰ ਲਈ, ਮੇਰੀ ਮਾਂ ਮਰ ਮਰ ਜਾਵੇ। "ਪੁਤਾਧੀਏ! ਮੈਂ ਤੇਰੀ ਮਿੰਨਤ ਕਰਨੀ ਆਂ। ਤੇਰੇ ਪੈਰੀਂ ਪੈਂਦੀ ਆਂ। ਉਸ ਰੱਬ ਦਾ ਵਾਸਤਾ। ਉਸ ਪੱਥਰ ਨੇ ਪਤਾ ਨੀਂ ਤੇਰੇ ਨਾਲ ਕਿਹੋ ਜਿਹਾ ਵਰਤਾਰਾ ਕਰਨੈ।" ਮਾਂ ਦੀਆਂ ਮਿੰਨਤਾਂ ਨੇ ਮੈਨੂੰ ਹੋਰ ਰੋਹ ਚੜ੍ਹਾ ਤਾ। ਮੈਂ ਡੱਟ ਗਈ--- ਮਰਨ, ਮਾਰਨ ਦਾ ਫੈਸਲਾ ਕਰ ਲਿਆ।

ਤਾਈਆਂ ਅਜੇ ਸੁਤਾ ਈ ਪਿਆ ਈ ਸੀ। ਮੈਂ ਜਾ ਜਗਾਇਆ... ਉਹ ਤ੍ਰਬਕ ਜਿਹਾ ਗਿਆ। ਮੈਂ ਬਗੈਰ ਪਰਵਾਹ ਕੀਤਿਆਂ ਕਿਹਾ..."ਤਾਈਆ ਉੱਠ ਕੇ ਬੈਠ। ਅੱਜ ਮੈਂ ਤੇਰੇ ਨਾਲ ਦੋ ਗੱਲਾਂ ਕਰਨੀਆਂ ਆਂ। ਅੱਜ ਤਾਈਂ ਜਿਗਰਾ ਬਹੁਤ ਰੱਖਿਆ--ਪਰ ਹੁਣ ਹੋਰ 'ਨੀਂ ਕਰ ਹੁੰਦਾ। ਮੈਂ ਹੁਣ ਨਿਆਣੀ ਨਹੀਂ ਤੇਰੇ ਬਰੋਬਰ ਦੀ ਆਂ, ਭਾਵੇਂ ਕੱਦ ਮੇਚ ਕੇ ਵੇਖ ਲੈ। ਹੁਣ ਤੂੰ ਥੋੜ੍ਹੀ ਜਿਹੀ ਅਕਲ ਕਰ--। ਘਰ'ਚ ਕੰਧਾਂ ਤੋਂ ਸਿਵਾਏ ਕੁਝ ਨਹੀਂ ਬੱਚਿਆ। ਜ਼ਮੀਨ ਦਾ ਵੀ ਤੈਨੂੰ ਪਤਾ ਈ ਆ ਤੋਗ ਪੈਗਿਆ। ਮੈਂ ਜਾਂ ਤਾਂ ਸ਼ਰਮ ਦੀ ਮਾਰੀ ਕਿਸੇ ਖੂਹ ਖਾਤੇ 'ਚ ਜਾ ਡੁੱਬਣਾ ਜਾਂ ਫਿਰ ਮੇਰੇ ਤੋਂ ਵੀ ਸ਼ਰਮ ਦਾ ਬੁਰਕਾ ਲਾਹ ਦੇਹ।-- ਕਿਸੇ ਕੋਠੇ ਬਠਾ ਦੇਹ, ਤੇਰਾ ਦਾਰੂ ਸਿੱਕਾ ਸੋਹਣਾ ਚਲੂ।"

ਘਰ'ਚ ਗੜਗੱਜਾ ਪੌਣ ਵਾਲਾ ਤਾਈਆ ਮੋਨ ਧਾਰ ਗਿਆ, ਜਿਵੇਂ ਕਿਸੇ ਅਣਡਿੱਠ ਤਾਕਤ ਨੇ ਉਸ ਦੇ ਬੁਲ੍ਹਾਂ ਤੇ ਜਿੰਦਾ ਜੜਤਾ ਹੋਵੇ। ਉਹ ਚੁਪ-- ਚਪੀਤਾ ਤੁੱਖਣ--ਭਾਣਾ ਈ ਉਠ ਕੇ-- ਪਿੰਡ ਦੇ ਸਰਪੰਚ ਕੋਲ ਚਲਾ ਗਿਆ---"ਫਲਾਣਾ ਸਿੰਘਾਂ ਅੱਜ ਤਾਂ ਮੇਰੀ ਧੀ ਨੇ ਆਖਰੀ ਗਲ ਕਹਿ ਦਿਤੀ ਆ, ਹੁਣ ਮੇਰੇ ਜੀਣ ਦਾ ਕੋਈ ਹੱਜ ਨਹੀਂ ਰਿਹਾ---ਤੂੰ ਕਿਸੇ ਦੀ ਕੀਮਤ ਤੇ ਮੈਨੂੰ ਇਥੋਂ ਬਾਹਰ



(ਬਾਕੀ ਸਫ਼ਾ 29)

# ਦਰਪਣ

## ਖ਼ਤ

ਅੱਜ ਹੀ ਵਤਨੋਂ ਦੂਰ ਮਿਲਿਆ। ਇਕੋ ਸਮੇਂ ਸਾਰਾ ਜ਼ੋਰ ਲਾ ਕੇ ਪੜ੍ਹਨ ਨੂੰ ਜੀਅ ਕਰਦਾ ਹੈ। ਪਰਚਾ ਬਹੁਤ ਦੇਰ ਤੋਂ ਔਖੀਆਂ ਸੌਖੀਆਂ ਘੜੀਆਂ ਦਾ ਸਫ਼ਰ ਕਰਦਾ ਆ ਰਿਹਾ ਹੈ ਪਰ ਅੱਜ ਤੱਕ ਇਸਦਾ ਸਾਹਿੱਤਕ ਮਿਆਰ ਉਹੀ ਹੈ, ਇਸ ਦਾ ਸਟੈਂਡ ਉਹੀ ਹੈ ਜੋ ਅੱਜ ਤੋਂ ਬਹੁਤ ਸਮਾਂ ਪਹਿਲਾਂ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਇਸ ਪਰਚੇ ਵਿੱਚ ਸਾਹਿਤਕ ਲੇਖ, ਬਹਿਸ ਵਿਚਾਰਾਂ ਅਤੇ ਕਹਾਣੀਆਂ ਦੀ ਘਾਟ ਰੜਕਦੀ ਹੈ। ਅੱਜ ਮੈਂ ਸਾਰੇ ਉਨ੍ਹਾਂ ਪਾਠਕਾਂ, ਲੇਖਕਾਂ ਨੂੰ ਮੁਖ਼ਾਤਿਬ ਹੋ ਕੇ (ਜੋ ਪਹਿਲਾਂ ਗੱਲਾਂ ਬਾਤਾਂ ਰਾਹੀਂ ਹੀ ਸਾਰਦੇ ਰਹੇ) ਕਹਿਣਾ ਚਾਹਾਂਗਾ ਕਿ ਆਓ ਇੱਕ ਨਵਾਂ ਹੰਭਲਾ ਮਾਰੀਏ ਤੇ ਇਸ ਪਰਚੇ ਨੂੰ ਜਨਸਾਧਾਰਣ / ਲੋਕਾਂ ਦੇ ਹੱਥਾਂ ਵਿੱਚ ਪਹੁੰਚਾਈਏ। ਸ਼ਾਲਾ! ਇਹ ਪਰਚਾ ਇਸੇ ਤਰਾਂ ਆਪਣੇ ਸਹੀ ਤੇ ਨਿੱਗਰ ਵਿਚਾਰਾਂ ਰਾਹੀਂ ਆਪਣੇ ਸਹੀ ਰਸਤੇ ਦੀ ਸੇਧ ਤੇ ਚਲਦਾ ਹੋਇਆ ਆਪਣੀਆਂ ਮੰਜ਼ਲਾਂ ਛੋਂਹਦਾ ਰਹੇ। ਆਮੀਨ!

– ਸ਼ੌਕੀ / 20 ਨਵੰਬਰ 1985
(TORONTO, ONTARIO, CANADA).

ਵਤਨੋਂ ਦੂਰ ਮਿਲ ਗਿਆ ਸੀ, ਪੜ੍ਹਿਆ-ਘੋਖਿਆ ਤੇ ਚਿੱਠੀ ਲਿਖ ਰਿਹਾ ਹਾਂ। ਇਸ ਵਿਚਲਾ ਲੇਖ– ਦੱਖਣੀ ਅਫ਼ਰੀਕਾ – (ਵੈਨਕੂਵਰ ਸੱਥ ਵੱਲੋਂ) ਬੜਾ ਵਿਸਥਾਰ ਨਾਲ ਲਿਖਿਆ ਸੀ ਜੋ ਕਿ ਉਸਦੇ ਸਮੁੱਚੇ ਹਾਲਾਤਾਂ ਤੇ ਚਾਨਣਾ ਪਾਉਂਦਾ ਹੈ। ਮੈਂ ਕਈ ਥਾਵਾਂ ਤੋਂ ਅਫਰੀਕਾ ਬਾਰੇ ਪੜ੍ਹਿਆ ਸੀ ਪਰ ਅਸਲੀਅਤ ਬਾਰੇ ਕੁਝ ਪਤਾ ਨਹੀਂ ਚੱਲਦਾ ਸੀ। ਹੁਣ ਅਸਲੀਅਤ ਪੜ੍ਹ ਕੇ ਅੱਖਾਂ ਖੁੱਲੀਆਂ ਹਨ। ਮੈਂ ਅਫਰੀਕਾ ਬਾਰੇ ਇੱਕ ਲੇਖ ਵੀ ਲਿਖ ਰਿਹਾ ਹਾਂ – 'ਵਤਨੋਂ ਦੂਰ' ਵਾਲੇ ਲੇਖ ਤੋਂ ਸਹਾਇਤਾ ਲੈਕੇ – ਅਤੇ ਮੈਂ ਉਹ ਲੇਖ ਪੰਜਾਬੀ ਦੇ ਅਖਬਾਰਾਂ 'ਚ ਛਾਪਣਾ ਚਾਹੁੰਦਾ ਹਾਂ ਤਾਂ ਕਿ ਪੰਜਾਬੀ ਲੋਕ ਦੱਖਣੀ ਅਫਰੀਕਾ ਦੀ ਅਸਲੀਅਤ ਬਾਰੇ ਜਾਣ ਸਕਣ। ਮੈਨੂੰ ਪੂਰੀ ਆਸ ਹੈ ਕਿ ਅਦਾਰਾ 'ਵਤਨੋਂ ਦੂਰ' ਨੂੰ ਜਾਂ ਇਸ ਲੇਖ ਦੇ ਲੇਖਕਾਂ ਸਾਧੂ, ਹੁੰਦਲ, ਸਰਵਣ ਅਤੇ ਟੁੱਟ ਨੂੰ ਕੋਈ ਇਤਰਾਜ਼ ਨਹੀਂ ਹੋਏਗਾ ਫਿਰ ਵੀ ਜੇਕਰ ਤੁਹਾਨੂੰ ਇਤਰਾਜ਼ ਹੋਇਆ ਤਾਂ ਘੱਟੋ ਘੱਟ ਆਉਂਦੀ ਡਾਕ ਪਤਾ ਕਰਨਾ। ਮੈਂ ਤੁਹਾਡੀ ਚਿੱਠੀ ਦਾ ਇੰਤਜ਼ਾਰ ਕਰਾਂਗਾ।

ਇਸ ਵਾਰ ਦੇ ਵਤਨੋਂ ਦੂਰ ਵਿੱਚ ਦੂਸਰਾ ਲੇਖ – ਚੋਰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਭਾਰਤ – ਹੈ। ਇਸ ਵਿਚਲੇ ਤੱਥ ਵਾਕਈ ਦੱਸਦੇ ਹਨ ਕਿ ਹਿੰਦੁਸਤਾਨ ਵੱਡੇ ਵੱਡੇ ਠੱਗਾਂ- ਚੋਰਾਂ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਹੈ। ਨੇੜ ਭਵਿਖ 'ਚ ਤਾਂ ਕੀ ਦੂਰ ਭਵਿੱਖ ਵਿੱਚ ਵੀ ਇਹ ਜ਼ੰਜੀਰਾਂ ਟੁੱਟਣ ਦੇ ਆਸਾਰ ਨਹੀਂ ਲਗਦੇ – ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਇਨਕਲਾਬੀ ਪੁੱਠੇ- ਪੈਰੀਂ ਹੋ ਤੁਰੇ ਹਨ। ਗੁਰਸ਼ਰਨ ਸਿੰਘ ਤੋਂ ਬਗੈਰ ਹੁਣ ਕੋਈ ਵੀ ਮੈਦਾਨ'ਚ ਨਹੀਂ... ਸੱਭ ਖਾਮੋਸ਼ ਹਨ ਜਾਂ ਫਿਰ ਸਮਾਜਕ ਰੌਲੇ ਰੱਪੇ ਵਿੱਚ ਗੁੰਮ ਗਏ ਹਨ। ਅਸੀਂ ਪਲਸ ਮੰਚ ਵੱਲੋਂ ਸਾਰੇ ਇਨਕਲਾਬੀਆਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਲਈ ਆਪਣੇ ਪ੍ਰੋਗਰਾਮਾਂ ਵਿੱਚ ਪਰੇਰ ਰਹੇ ਹਾਂ – ਅਦਾਰਾ 'ਵਤਨੋਂ ਦੂਰ' ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਰਸਾਲੇ ਰਾਹੀਂ ਇਨਕਲਾਬੀਆਂ ਨੂੰ ਇਕੱਠੇ ਹੋਣ ਲਈ ਅਤੇ ਇਕੱਠੇ ਹੋ ਕੇ ਕੰਮ ਕਰਨ ਲਈ ਪਰੇਰੇ। ਜਨਤਕ ਦਬਾਅ ਨਾਲ ਇਨ੍ਹਾਂ ਨੂੰ ਇਕੱਠੇ ਕੀਤਾ ਜਾ ਸਕਦਾ ਹੈ।

– ਸੁਰਜੀਤ ਬਰਾੜ / 30 ਨਵੰਬਰ 1985
(PUNJAB, INDIA).

ਕੁਝ ਕੁ ਸਾਥੀਆਂ ਪਾਸੋਂ 'ਵਤਨੋਂ ਦੂਰ' ਦੀ ਇੱਕ ਅੱਧ ਕਾਪੀ ਪੜ੍ਹਨ ਨੂੰ ਮਿਲ ਜਾਂਦੀ ਹੈ ਪਰ ਲਗਾਤਾਰ ਨਹੀਂ – ਏਡੀ ਦੂਰ ਬੈਠਿਆਂ 'ਵਤਨੋਂ ਦੂਰ' ਕੱਢਣ ਅਤੇ ਸੋਚ 'ਤੇ ਖਰਚਨ ਲਈ ਸ਼ਾਬਾਸ਼ ਤਾਂ ਨਹੀਂ ਕਹਾਂਗਾ – ਕਿਉਂਕਿ ਇਹ ਤਾਂ ਫ਼ਰਜ਼ ਹੈ ਸਭ ਸੂਝਵਾਨ ਸਾਥੀਆਂ ਦਾ (ਕਿ) ਜਿੱਥੇ ਜਿੱਥੇ ਵੀ ਬੈਠੇ ਹਨ ਨਿਰੰਤਰ ਕੰਮ ਕਰਨ... ... ।

– ਜਸਵਿੰਦਰ 'ਭੱਟੀ' ਪ੍ਰਧਾਨ ਭੱਠਾ ਵਰਕਰਜ਼ ਯੂਨੀਅਨ ਪੰਜਾਬ
(PUNJAB, INDIA)

'ਵਤਨੋਂ ਦੂਰ' ਦਾ ਬਾਰਵਾਂ ਸਾਲਾਨਾ ਅੰਕ "ਪੰਜਾਬੀ ਸਾਹਿਤ ਸਭਾ ਯੂਬਾ ਸਿਟੀ" ਦੇ ਜਨਰਲ ਸਕੱਤਰ ਜਸਪਾਲ ਸਿੰਘ ਸੂਸ ਤੋਂ ਪੜ੍ਹਨ ਨੂੰ ਮਿਲਿਆ, ਕੱਲੀ ਕੱਲੀ ਕਰਕੇ ਹਰ ਆਈਟਮ ਪੜ੍ਹੀ, ਬਹੁਤ ਚੰਗੇ ਤਰੀਕੇ ਨਾਲ ਪੰਜਾਬੀ ਪਾਠਕਾਂ ਦੀ ਸੇਵਾ ਕਰ ਰਹੇ ਹੋ। ਅਮਰੀਕ ਸਿੰਘ ਦਾ ਲਿਖਿਆ ਲੇਖ ਖ਼ਾਲਿਸਤਾਨੀ ਸੰਮੇਲਨ ਬਹੁਤ ਪਸੰਦ ਆਇਆ। ਇੱਕ ਗੀਤ ਮੈਂ ਵੀ ਤੁਹਾਨੂੰ ਭੇਜ ਰਿਹਾ ਹਾਂ ਜੇ ਪਸੰਦ ਆਇਆ ਤਾਂ ਛਾਪ ਲੈਣਾ... ਮੈਂ ਕੋਈ ਲਿਖਾਰੀ ਨਹੀਂ ਹਾਂ ਸਿਰਫ਼... ਇਹ ਮੇਰਾ ਪਹਿਲਾ ਗੀਤ ਹੈ... ।

– ਅੰਮ੍ਰਿਤ "ਪਾਲ"
(YUBA CITY, U.S.A.)

# ਇੱਕ ਖ਼ਤ : ਇੱਕ ਵਿਚਾਰ

(ਦਲੀਪ ਸਿੰਘ ਮਾਂਗਟ)

ਅਮਰੀਕ ਸਿੰਘ ਦਾ ਖ਼ਾਲਿਸਤਾਨੀ ਸੰਮੇਲਨ ਬਾਰੇ ਅੱਖੀਂ ਡਿੱਠਾ ਹਾਲ 'ਵਤਨੋਂ ਦੂਰ' ਦੇ ਬਾਰ੍ਹਵੇਂ ਸਾਲਾਨਾ ਅੰਕ ਵਿਚ ਪੜ੍ਹਿਆ। ਭਾਵੇਂ ਮੈਂ ਇਸ ਖ਼ਤ ਵਿਚ ਅਮਰੀਕ ਸਿੰਘ ਦੀ ਲਿਖਤ ਦੇ ਵਿਰੋਧ ਵਿਚ ਲਿਖਣ ਲੱਗਾ ਹਾਂ ਪਰ ਮੈਂ ਅਮਰੀਕ ਸਿੰਘ ਦੀ ਦਲੇਰੀ ਦੀ ਜ਼ਰੂਰ ਕਦਰ ਕਰਦਾ ਹਾਂ। ਜੋ ਕੁਝ ਉਸ ਨੇ ਆਪਣੇ ਖ਼ਿਆਲ ਮੁਤਾਬਕ ਠੀਕ ਸਮਝਿਆ ਬਿਨਾਂ ਕਿਸੇ ਡਰ ਤੋਂ ਲਿਖਿਆ ਹੈ। ਇਹ ਦਲੇਰੀ ਸਾਨੂੰ ਵਿਰਸੇ ਵਿਚ ਮਿਲੀ ਹੈ। ਇਸਨੂੰ ਸਾਂਭਣ ਦੀ ਤੇ ਇਸਦੀ ਯੋਗ ਵਰਤੋਂ ਕਰਨ ਦੀ ਬੜੀ ਮਹੱਤਤਾ ਹੈ। ਇਹੋ ਜਿਹੇ ਦਲੇਰਾਨਾਂ ਢੰਗ ਨਾਲ ਕੰਮ ਕਰਨ ਵਾਲੇ ਬੰਦੇ ਅਗਰ ਅੱਗੇ ਆ ਕੇ ਲੋਕਾਂ ਨੂੰ ਇਕ ਮੁੱਠ ਕਰਨ ਦਾ ਬੀੜਾ ਚੁੱਕਣ ਤਾਂ ਇਨਸਾਨੀਅਤ ਜਾਂ ਲੋਕਤਾ ਦੀ ਬੜੀ ਭਲਾਈ ਹੋ ਸਕਦੀ ਹੈ।

ਇਸ ਲਿਖਤ ਵਿਚ ਉਪਰ ਲਿਖੀ ਸਿਫ਼ਤ ਤੋਂ ਬਿਨਾਂ ਹੋਰ ਕੋਈ ਸਿਫਤ ਕਰਨਯੋਗ ਗੱਲ ਮੈਨੂੰ ਨਹੀਂ ਲੱਭੀ ਭਾਵੇਂ ਮੈਂ ਲਿਖਤ ਨੂੰ ਕਈ ਵਾਰੀ ਪੜ੍ਹਿਆ ਹੈ। ਇਸ ਵਿਚੋਂ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਕਿਸ ਨਿਸ਼ਾਨੇ ਨੂੰ ਪੂਰਾ ਕਰਨ ਲਈ ਅਮਰੀਕ ਸਿੰਘ ਨੇ ਕਿੰਨੀ ਮਿਹਨਤ ਕਰਕੇ ਇਹ ਲਿਖਤ ਲਿਖੀ ਹੈ।

ਉਸਦੇ ਲੇਖ ਵਿਚ ਕੋਈ ਠੋਸ ਗੱਲ ਤਾਂ ਜਾਪਦੀ ਨਹੀਂ, ਲੱਗਦਾ ਹੈ ਉਸਦਾ ਮੁੱਖ ਮੰਤਵ ਸੰਮੇਲਨ ਅਤੇ ਉਸਦੇ ਬੁਲਾਰਿਆਂ ਨੂੰ ਭੰਡਣ ਦਾ ਹੀ ਸੀ। ਅਗਰ ਇਹੀ ਉਸਦਾ ਨਿਸ਼ਾਨਾਂ ਸੀ ਤਾਂ ਵੀ ਮੇਰੇ ਖ਼ਿਆਲ ਮੁਤਾਬਕ ਉਸਨੂੰ ਕਾਮਯਾਬੀ ਹਾਸਲ ਨਹੀਂ ਹੋਈ ਕਿਉਂਕਿ ਲਿਖਤ ਪੜ੍ਹਨ ਤੋਂ ਇਕ ਦਮ ਪਤਾ ਲੱਗ ਜਾਂਦਾ ਹੈ ਕਿ ਇਕ ਪਾਸੜ ਗੱਲ ਹੈ ਜਿਸ 'ਤੇ ਯਕੀਨ ਘੱਟ ਹੀ ਕੀਤਾ ਜਾ ਸਕਦਾ ਹੈ।

ਬਹੁਤੀਆਂ ਗੱਲਾਂ ਜੋ ਅਮਰੀਕ ਸਿੰਘ ਨੇ ਇਸ ਲਿਖਤ ਵਿਚ ਕਹੀਆਂ ਹਨ ਅਗਰ ਨਾ ਕਹੀਆਂ ਜਾਣ ਤਾਂ ਹੀ ਚੰਗਾ ਹੈ। ਇਹ ਲਿਖਤ ਮੇਰੇ ਖ਼ਿਆਲ ਵਿਚ ਲੜਾਈ ਮੁੱਲ ਲੈਣ ਨਾਲੋਂ ਵੱਧ ਕੁਝ ਨਹੀਂ ਹੈ। ਜਿੰਨਾਂ ਸੱਜਣਾਂ ਜਾਂ ਜਿੰਨਾਂ ਜੱਥੇਬੰਦੀਆਂ 'ਤੇ ਜਿਸ ਪਿਰਹਾ ਭਰੀ ਸ਼ਬਦਾਵਲੀ ਨਾਲ ਹਵਾਲੇ ਦਿਤੇ ਗਏ ਹਨ, ਉਨ੍ਹਾਂ ਨੂੰ ਇਹ ਲਿਖਤ ਪੜ੍ਹਨ ਨਾਲ ਗੁੱਸਾ ਆਉਣਾ ਕੁਦਰਤੀ ਗੱਲ ਹੈ। ਆਪਣੇ ਪਿਛੋਕੜ ਨੂੰ ਯਾਦ ਰੱਖਦੇ ਹੋਏ ਜੋ ਬਦਲਾ ਲਊ ਭਾਵਨਾ ਉਨ੍ਹਾਂ ਦੇ ਦਿਲ ਵਿਚ ਆਵੇਗੀ, ਉਸਦਾ ਸਿੱਟਾ ਚੰਗਾ ਨਹੀਂ ਨਿਕਲੇਗਾ।

ਕਈ ਮੁੱਢਲੀਆਂ ਗੱਲਾਂ ਜੋ ਕਿਸੇ ਚੰਗੇ ਪਰਚੇ ਵਿਚ ਛਪਣ ਦਾ ਹੱਕ ਨਹੀਂ ਰੱਖਦੀਆਂ ਮੈਂ ਹੇਠਾਂ ਲਿਖ ਰਿਹਾ ਹਾਂ –

1) ਪਹਿਲੀ ਗੱਲ ਜੋ ਅਮਰੀਕ ਸਿੰਘ ਲਿਖਦਾ ਹੈ ਕਿ ਕਈ ਸਰੋਤੇ ਡਾ: ਰਜਿੰਦਰਪਾਲ ਸਿੰਘ ਖਾਲਸਾ ਬਾਰੇ ਕਹਿ ਰਹੇ ਸਨ ਕਿ "ਇਹ ਡਾਕਟਰ ਕਾਹਦਾ ਐ, ਇਹ ਤਾਂ ਡੰਗਰ ਡਾਕਟਰ ਵੀ ਨਹੀਂ ਲੱਗਦਾ।" ਕਹਿਣ ਵਾਲੇ ਨੇ ਤਾਂ ਕਮਲ ਕੁੱਟ ਹੀ ਦਿੱਤਾ ਸੀ, ਲਿਖ ਕੇ ਤੁਸੀਂ ਦੁਬਾਰਾ ਕਮਲ ਕੁੱਟਿਆ ਹੈ ਜਿਸ ਦੀ ਅਗਾਂਹ-ਵਧੂ ਜੱਥੇਬੰਦੀਆਂ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਡਾਕਟਰ ਤੇ ਡੰਗਰ ਡਾਕਟਰ ਦੋਵੇਂ ਇਨਸਾਨ ਹੁੰਦੇ ਹਨ ਕੌਣ ਕਿਸ ਨਾਲੋਂ ਵਧੀਆ ਹੈ ਇਸ ਬਾਰੇ ਨਿਤਾਰਾ ਕੌਣ ਕਰ ਸਕਦਾ ਹੈ? ਕੌਮ ਦੇ ਅਧਾਰ 'ਤੇ, ਬੋਲੀ ਦੇ ਆਧਾਰ 'ਤੇ ਇਹੋ ਜਿਹੀਆਂ ਗੱਲਾਂ ਸਾਧਾਰਣ ਲੋਕਾਂ ਦੀਆਂ ਆਪਸ ਵਿਚ ਵੰਡੀਆਂ ਪਾਉਂਦੀਆਂ ਹਨ। ਇਹੋ ਜਿਹਾ ਕੰਮ ਇਥੋਂ ਦੀ ਪ੍ਰੈੱਸ ਵਾਲੇ ਕਾਫੀ ਕਰੀ ਜਾਂਦੇ ਹਨ। ਅਗਾਂਹਵਧੂ ਜੱਥੇਬੰਦੀਆਂ ਨੂੰ ਇਹੋ ਜਿਹਾ ਆਪਣੇ ਪੈਰੀਂ ਆਪ ਕੁਹਾੜਾ ਨਹੀਂ ਮਾਰਨਾ ਚਾਹੀਦਾ।

2) ਦੂਜਾ ਇਸ ਨੇ ਡਾ: ਖਾਲਸਾ ਦੀਆਂ ਮੁੱਛਾਂ ਨੂੰ ਖ਼ਾਲਿਸਤਾਨੀ ਮੁੱਛਾਂ ਦੱਸਿਆ ਹੈ। ਕਿਸੇ ਇਨਸਾਨ ਦੇ ਪਹਿਰਾਵੇ 'ਤੇ ਇਸ ਤਰ੍ਹਾਂ ਵਿਅੰਗ ਕਰਨਾਂ ਕਿਹੜੀ ਸਿਆਣਪ ਹੈ?

3) ਰਮਤੇ ਦੀ ਕਾਫੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਪਰ ਨਾਲ ਹੀ ਉਸ ਦੀਆਂ ਕਹੀਆਂ ਇਕ ਦੋ ਗੱਲਾਂ ਦੇ ਹਵਾਲੇ ਇਸ ਤਰ੍ਹਾਂ ਦਿੱਤੇ ਹਨ ਜਿਵੇਂ ਕਿ ਰਮਤਾ ਅਕਾਸ਼ਬਾਣੀ ਕਰ ਰਿਹਾ ਹੋਵੇ। ਇਹ ਗੱਲਾਂ ਦੋਗਲੀਆਂ ਜਿਹੀਆਂ ਲੱਗਦੀਆਂ ਹਨ। ਜੋ ਗੀਤ ਉਸਨੇ ਉਥੇ ਗਾਏ ਉਨ੍ਹਾਂ ਬਾਰੇ ਅਮਰੀਕ ਸਿੰਘ ਨੂੰ ਗੁੱਸਾ ਲੱਗਾ ਕਿ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਇਹੋ ਜਿਹੇ ਘਟੀਆ ਗੀਤ ਨਹੀਂ ਗਾਏ ਜਾਣੇ ਚਾਹੀਦੇ। ਇਹ ਗੱਲ ਤਾਂ ਠੀਕ ਹੈ ਪਰ ਭੈੜੇ ਗੀਤਾਂ ਦਾ ਅਸਰ ਬਾਕੀ ਥਾਵਾਂ 'ਤੇ ਵੀ ਉਨਾਂ ਹੀ ਭੈੜਾ ਹੁੰਦਾ ਹੈ। ਇਸ ਲਈ ਇਹੋ ਜਿਹੇ ਗੀਤ ਕਿਤੇ ਵੀ ਨਾ ਗਾਏ ਜਾਣ ਤਾਂ ਵਧੀਆ ਹੈ। ਲੋੜ ਹੈ ਉਨ੍ਹਾਂ ਨਵੇਂ ਅਗਾਂਹਵਧੂ ਗੀਤਾਂ ਦੀ ਜਿਨਾਂ ਨੂੰ ਸੁਣਕੇ ਲੋਕੀ ਰਮਤੇ ਵਰਗਿਆਂ ਨੂੰ ਪੈਸੇ ਵੀ ਦੇ ਦਿਆ ਕਰਨ ਤੇ ਉਨ੍ਹਾਂ ਦਾ ਮਨ ਪਰਚਾਵਾ ਵੀ ਹੋ ਜਾਇਆ ਕਰੇ।

4) ਅਮਰੀਕ ਸਿੰਘ ਨੇ ਰੇਡੀਓ ਅਨਾਊਂਸਰ ਬਾਰੇ ਵੀ ਕਾਫੀ ਗੁਸਤਾਖੀ ਨਾਲ ਲਿਖਿਆ ਹੈ। ਜਿਵੇਂ ਕਿ "ਪਹਿਲਾਂ ਹੀ ਆਪਣੀ ਭੈੜੀ ਆਵਾਜ਼ ਵਿਚ ਰੌਲਾ ਪਾਉਣਾ" ਕਿਹਾ ਹੈ। ਰੇਡੀਓ ਅਨਾਊਂਸਰ ਨੇ ਤਾਂ ਭਾਵੇਂ ਇਹ ਲੇਖ ਪੜ੍ਹਨਾ ਹੈ ਜਾਂ ਨਹੀਂ, ਪਰ ਜੋ ਸਾਧਾਰਣ ਲੋਕ 'ਵਤਨੋਂ ਦੂਰ' ਪੜ੍ਹਦੇ ਨੇ, ਉਨ੍ਹਾਂ 'ਤੇ ਇਹੋ ਜਿਹੇ ਗੁਸਤਾਖ਼ ਢੰਗ ਨਾਲ ਲਿਖੀਆਂ ਲਿਖਤਾਂ ਦਾ ਕਾਫੀ ਭੈੜਾ ਅਸਰ ਪਵੇਗਾ।

ਖ਼ਾਲਿਸਤਾਨੀਆਂ ਦੇ ਕੀ ਇਰਾਦੇ ਹਨ ਜਾਂ ਉਨ੍ਹਾਂ ਕੀ ਕਰਨਾ ਹੈ ਜਾਂ ਉਨ੍ਹਾਂ ਦਾ ਸੰਮੇਲਨ ਕਾਮਯਾਬ ਰਿਹਾ ਜਾਂ ਫੇਹਲ ਹੋਇਆ-ਅਮਰੀਕ ਸਿੰਘ ਦੀ ਲਿਖਤ ਤੋਂ ਇਸਦਾ ਅੰਦਾਜ਼ਾ ਲਾਉਣਾ ਔਖਾ ਹੈ ਕਿਉਂਕਿ ਲਿਖਤ ਤੋਂ ਸਾਫ ਜ਼ਾਹਿਰ ਹੈ ਕਿ ਅਮਰੀਕ ਸਿੰਘ ਨੇ ਆਪਣੇ ਰੰਗ ਦੀਆਂ ਐਨਕਾਂ ਲਾ ਕੇ ਲਿਖਿਆ ਹੈ।

ਉਸ ਦੀ ਇਹ ਲਿਖਤ ਤਾਹਨੇ ਮੇਹਣਿਆਂ ਤੋਂ ਸਿਵਾ ਕੁੱਝ ਨਹੀਂ ਹੈ। ਇਹੋ ਜਿਹੀਆਂ ਲਿਖਤਾਂ ਦਾ ਕਿਸੇ ਨੂੰ ਕੋਈ ਲਾਭ ਨਹੀਂ ਪਹੁੰਚਦਾ। ਮੇਰੇ ਖ਼ਿਆਲ ਵਿਚ ਇਸ ਨਾਲ ਉਹ ਕਾਫੀ ਸਧਾਰਣ ਸੱਜਣ ਜੋ ਬਿਨਾ ਸੋਚੇ ਸਮਝੇ ਜਜ਼ਬਾਤ ਵਿਚ ਆ ਕੇ ਉਨ੍ਹਾਂ ਜੱਥੇਬੰਦੀਆਂ ਨਾਲ ਤੁਰੇ ਹਨ, ਜਿਨ੍ਹਾਂ ਨਾਲ ਅਮਰੀਕ ਸਿੰਘ ਚਾਹੁੰਦਾ ਹੈ ਕਿ ਲੋਕ ਨਾ ਤੁਰਨ, ਲੋਕਾਂ ਨੂੰ ਉਨ੍ਹਾਂ ਜੱਥੇਬੰਦੀਆਂ ਨਾਲ ਪੱਕਿਆਂ ਕਰਦੀਆਂ ਹਨ। ਜਿਨ੍ਹਾਂ ਰਸਾਲਿਆਂ ਵਿਚ ਇਹ ਲਿਖਤਾਂ ਛਪਦੀਆਂ ਹਨ ਉਨ੍ਹਾਂ ਵੱਲ ਵੀ ਸਧਾਰਣ ਲੋਕਾਂ ਦਾ ਸਤਿਕਾਰ ਘਟ ਜਾਂਦਾ ਹੈ।

ਅਗਰ ਲੋਕਾਂ ਨੂੰ ਨਾਲ ਲੈ ਕੇ ਚੱਲਣ ਦਾ ਇਰਾਦਾ ਹੈ ਤਾਂ ਉਨ੍ਹਾਂ ਨੂੰ ਘੱਟੋ ਘੱਟ ਆਪਣੇ ਬਰਾਬਰ ਸਮਝ ਕੇ, ਪਿਆਰ ਅਤੇ ਸਤਿਕਾਰ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਸਮਝਦੇ ਹੋਏ ਗੱਲ ਕਰੋਗੇ ਤਾਂ ਗੱਲ ਅੱਗੇ ਚੱਲ ਸਕਦੀ ਹੈ। ਉਨ੍ਹਾਂ 'ਤੇ ਚਿੱਕੜ ਸੁੱਟਣ ਨਾਲ

ਜਾਂ ਉਹਨਾਂ ਨੂੰ ਘਟੀਆ ਕਹਿ ਕੇ ਕਿਸੇ ਦਾ ਕੁੱਝ ਨਹੀਂ ਸੌਰ ਸਕਦਾ। ਅਗਰ ਇਹੋ ਜਿਹੀਆਂ ਲਿਖਤਾਂ 'ਤੇ ਸਮਾਂ ਲਗਾਉਣ ਦੀ ਬਜਾਇ ਅਗਾਂਹਵਧੂ ਸਰਗਰਮੀਆਂ 'ਤੇ ਸਮਾਂ ਲਾਇਆ ਜਾਏ ਤਾਂ ਚੰਗਾ ਹੈ। ਉਹ ਸਧਾਰਣ ਲੋਕ ਜੋ ਕਿਸੇ ਵੀ ਲਹਿਰ ਨੂੰ ਕਾਮਯਾਬ ਜਾਂ ਫੇਹਲ ਕਰਦੇ ਹਨ, ਉਨ੍ਹਾਂ ਦੇ ਜਜ਼ਬਾਤ ਨੂੰ ਚੋਟ ਨਹੀਂ ਮਾਰਨੀ ਚਾਹੀਦੀ। (GRANDE PRAIRIE, ALBERTA)

---

ਵੀਰ ਦਲੀਪ ਸਿੰਘ ਮਾਂਗਟ ਦਾ ਇਹ ਖ਼ਤ ਅਸੀਂ ਅਮਰੀਕ ਸਿੰਘ ਨੂੰ ਭੇਜ ਦਿੱਤਾ ਸੀ ਤਾਂ ਕਿ ਜੇ ਉਹ ਉੱਤਰ ਦੇਣਾ ਚਾਹੇ ਤਾਂ ਦੋਵੇਂ ਵਿਚਾਰ ਪਾਠਕਾਂ ਦੀ ਕਚਹਿਰੀ ਵਿੱਚ ਇੱਕੋ ਸਮੇਂ ਪੇਸ਼ ਹੋ ਸਕਣ। ਗੰਭੀਰ ਵਿਸ਼ਿਆਂ ਉੱਤੇ ਪਾਠਕਾਂ ਦੀ ਉਸਾਰੂ ਬਹਿਸ ਨੂੰ ਸਹੀ ਰੂਪ ਵਿੱਚ ਅੱਗੇ ਤੋਰਨ ਲਈ, ਪੰਜਾਬੀ ਪੱਤਰਕਾਰੀ ਵਿੱਚ ਇਹ ਇੱਕ ਪਰਵਾਨਤ ਵਿਧੀ ਹੈ। ਅਮਰੀਕ ਸਿੰਘ ਦਾ ਪੁੱਜਿਆ ਉੱਤਰ ਵੀ ਹੇਠਾਂ ਛਾਪਿਆ ਜਾ ਰਿਹਾ ਹੈ।

ਅਸੀਂ ਦਲੀਪ ਸਿੰਘ ਮਾਂਗਟ ਦੀਆਂ ਵਤਨੋਂ ਦੂਰ ਅਤੇ ਅਗਾਂਹ-ਵਧੂ ਜਥੇਬੰਦੀਆਂ ਵੱਲ ਹਮਦਰਦ-ਭਾਵਨਾਵਾਂ ਦੀ ਕਦਰ ਕਰਦੇ ਹੋਏ, ਇਸ ਸੰਖੇਪ ਸਪੱਸ਼ਟੀਕਰਨ ਦੀ ਲੋੜ ਮਹਿਸੂਸ ਕਰਦੇ ਹਾਂ।

ਅਮਰੀਕ ਸਿੰਘ ਦੀ ਸ਼ਬਦਾਵਲੀ ਬਾਰੇ ਤਾਂ ਦੋ ਰਾਵਾਂ ਹੋ ਸਕਦੀਆਂ ਹਨ, ਪਰ ਉਸਦੀ ਰੀਪੋਰਟ ਦੇ ਤੱਤ-ਸਾਰ ਬਾਰੇ ਸਾਡੀਆਂ ਦੋ ਰਾਵਾਂ ਨਹੀਂ, ਕੇਵਲ ਇੱਕੋ ਹੀ ਰਾਇ ਹੈ! ਸਾਡੇ ਖਿਆਲ ਵਿੱਚ ਉਸਦੀ ਰੀਪੋਰਟ ਦਾ ਤੱਤ-ਸਾਰ ਸੀ: ਫਿਰਕੂ-ਜਨੂੰਨ ਅਤੇ ਫਿਰਕੂ-ਜਨੂੰਨੀਆਂ ਦਾ ਵਿਰੋਧ ਕਰਨਾ! ਸਾਡੇ ਪਾਠਕ ਜਾਣਦੇ ਹੀ ਹਨ ਕਿ ਅਸੀਂ ਫਿਰਕੂ-ਜਨੂੰਨ ਦਾ ਜਿੰਨਾ ਵੀ ਵਿਰੋਧ ਹੋ ਸਕਿਆ ਹੈ, ਕਰਦੇ ਰਹੇ ਹਾਂ – ਚਾਹੇ ਇਹ ਫਿਰਕੂ ਜਨੂੰਨ ਦਿੱਲੀ ਦੇ ਰਾਸ਼ਟਰਪਤੀ ਭਵਨ ਤੋਂ ਪਰਚਾਰਿਆ ਜਾਂਦਾ ਹੋਵੇ, ਚਾਹੇ ਪੰਜਾਬ ਜਾਂ ਹਰਿਆਣੇ ਦੇ ਮੰਤਰੀ-ਮੰਡਲ ਵੱਲੋਂ, ਚਾਹੇ ਹਰਿਮੰਦਰ ਸਾਹਿਬ ਵਿੱਚੋਂ, ਚਾਹੇ ਕਿਸੇ ਹੋਰ ਧਰਮ-ਸਥਾਨ ਵਿੱਚੋਂ, ਚਾਹੇ ਕਿਸੇ ਫਿਰਕੂ-ਜਥੇਬੰਦੀ ਵੱਲੋਂ! ਸਾਡਾ ਇਹ ਸਟੈਂਡ ਕਿਸੇ ਨਿਜੀ ਸੁਆਰਥ ਜਾਂ ਜ਼ਾਤੀ-ਨਫ਼ਰਤ 'ਤੇ ਆਧਾਰਤ ਨਹੀਂ ਹੈ, ਸਗੋਂ ਅਸੀਂ ਦ੍ਰਿੜਤਾ ਨਾਲ ਇਸ ਗੱਲ 'ਤੇ ਯਕੀਨ ਕਰਦੇ ਹਾਂ ਕਿ ਦੁਨੀਆਂ ਦੇ ਦੱਬੇ ਕੁਚਲੇ ਲੋਕਾਂ ਦਾ ਕਲਿਆਣ ਜ਼ਾਤੀ ਜਾਂ ਫਿਰਕੂ ਆਧਾਰ 'ਤੇ ਚੱਲਕੇ ਨਹੀਂ, ਸਗੋਂ ਜਮਾਤੀ-ਆਧਾਰ 'ਤੇ ਚੱਲਕੇ ਹੀ ਹੋ ਸਕਦਾ ਹੈ। ਹਿੰਦੁਸਤਾਨ ਦੇ ਲੋਕ ਜਿੰਨੀ ਛੇਤੀ ਆਪਣੀ ਵੰਡ, ਹਿੰਦੂ-ਸਿੱਖ-ਮੁਸਲਮਾਨ-ਧਾਰਮਕ ਵੰਡ ਦੀ ਥਾਂ, ਲੁੱਟੇ ਜਾਣ ਵਾਲੇ ਅਤੇ ਲੁੱਟਣ ਵਾਲੇ ਜਮਾਤੀ-ਆਧਾਰ 'ਤੇ ਕਰ ਲੈਣਗੇ, ਉਨੀ ਛੇਤੀ ਹੀ ਉਹ ਸਾਧਾਰਣ ਲੋਕਾਂ ਦੇ ਕਲਿਆਣ ਦੀ ਮੰਜ਼ਲ ਵੱਲ ਵਧ ਸਕਣਗੇ। ਵੰਡ ਦੇ ਏਸ ਜਮਾਤੀ-ਆਧਾਰ ਨੂੰ ਸਪੱਸ਼ਟ ਕਰਨ ਲਈ ਆਪਾਂ ਸਾਰਿਆਂ ਨੂੰ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ- ਸਾਹਿੱਤਕ-ਸੱਭਿਆਚਾਰਕ ਫਰੰਟ ਉੱਤੇ ਵੀ, ਅਤੇ ਰਾਜਨੀਤਕ-ਸਮਾਜਕ ਫਰੰਟ ਉੱਤੇ ਵੀ।

ਅਸੀਂ ਅਦਾਰਾ ਵਤਨੋਂ ਦੂਰ ਵੱਲੋਂ ਭੇਜੇ ਗਏ ਰੀਪੋਰਟਰਾਂ ਦੀ ਰੀਪੋਰਟ ਤਿਆਰ ਕਰਨ ਹੀ ਵਾਲੇ ਸਾਂ, ਜਦੋਂ ਸਾਨੂੰ ਅਮਰੀਕ ਸਿੰਘ ਦੀ ਰੀਪੋਰਟ ਪ੍ਰਾਪਤ ਹੋਈ- ਕਿਉਂਕਿ ਅਸੀਂ ਇਸਦੇ ਤੱਤ-ਸਾਰ ਨਾਲ ਸਹਿਮਤ ਸਾਂ ਇਸ ਲਈ ਅਸੀਂ ਦੋਹਰ ਪਾਉਣ ਦੀ ਜ਼ਰੂਰਤ ਨਾ ਸਮਝੀ ਅਤੇ ਸ਼ਬਦਾਵਲੀ ਦੀਆਂ ਕੁਝ ਅਸਹਿਮਤੀਆਂ ਦੇ ਬਾਵਜੂਦ ਵੀ ਉਹ ਰੀਪੋਰਟ ਪ੍ਰਕਾਸ਼ਤ ਕਰ ਦਿੱਤੀ। ਅਸੀਂ ਸਾਰੇ ਪਾਠਕਾਂ ਨੂੰ ਵਾਦ-ਵਿਵਾਦ ਕਰਦੇ ਸਮੇਂ ਸ਼ਬਦਾਵਲੀ ਵੱਲ ਵਧੇਰੇ ਧਿਆਨ ਦੇਣ ਦੀ ਬੇਨਤੀ ਕਰਦੇ ਹਾਂ।

– ਅਦਾਰਾ ਵਤਨੋਂ ਦੂਰ

---

# ਖ਼ਤ ਦਾ ਉੱਤਰ

(ਅਮਰੀਕ ਸਿੰਘ)

ਵਤਨੋਂ ਦੂਰ ਦੇ ਬਾਰ੍ਹਵੇਂ ਸਾਲਾਨਾ ਅੰਕ ਵਿਚ ਛਪੀ ਮੇਰੀ 'ਐਡਮੰਟਨ ਵਿਚ ਖ਼ਾਲਿਸਤਾਨੀ ਸੰਮੇਲਨ' ਰਿਪੋਰਟ ਬਾਰੇ ਦਲੀਪ ਸਿੰਘ ਮਾਂਗਟ ਹੋਰਾਂ ਦਾ ਗਿਲ੍ਹੇ-ਭਰਪੂਰ ਖ਼ਤ 'ਵਤਨੋਂ ਦੂਰ' ਦੀ ਮਾਰਫ਼ਤ ਮਿਲਿਆ। ਉਨ੍ਹਾਂ ਨੇ ਜੋ ਸ਼ੰਕੇ ਖੜ੍ਹੇ ਕੀਤੇ ਹਨ ਉਨ੍ਹਾਂ ਦੇ ਜਵਾਬ ਵਿਚ ਆਪ ਨੂੰ ਆਪਣੇ ਪ੍ਰਤੀਕਰਮ ਭੇਜ ਰਿਹਾ ਹਾਂ। ਉਮੀਦ ਹੈ ਆਪ ਛਾਪ ਸਕੋਗੇ।

ਵੀਰ ਦਲੀਪ ਸਿੰਘ ਮਾਂਗਟ ਜੀ, ਤੁਹਾਡੀ ਚਿੱਠੀ ਪੜ੍ਹਨ ਉਪਰੰਤ ਮੈਂ ਦੁਬਾਰਾ ਖ਼ਾਲਿਸਤਾਨੀ ਕਨਵੈਨਸ਼ਨ ਦੀ ਟੇਪ ਸੁਣੀ ਅਤੇ ਇਹ ਜਵਾਬ ਲਿਖਣ ਲਈ ਟੇਪ 'ਚੋਂ ਭਾਸ਼ਣਾਂ ਦੇ ਕਈ ਹਿੱਸਿਆਂ ਦਾ ਲਿਖਤੀ ਉਤਾਰਾ ਵੀ ਕੀਤਾ ਤਾਂ ਕਿ ਗੱਲਾਂ ਨੂੰ ਲਗ ਮਾਤਰ ਦੇ ਘਾਟੇ ਵਾਧੇ ਬਿਨਾ ਹੂਬਹੂ ਪੇਸ਼ ਕੀਤਾ ਜਾ ਸਕੇ। ਰਸਮੀ ਤਾਰੀਫ਼ ਤੋਂ ਬਾਅਦ ਆਪ ਜੀ ਨੇ ਕਈ ਇਤਰਾਜ਼ ਉਠਾਏ ਹਨ ਅਤੇ 'ਵਤਨੋਂ ਦੂਰ' ਵਾਲਿਆਂ ਨੂੰ ਅਜੇਹੀਆਂ ਲਿਖਤਾਂ ਨਾ ਛਾਪਣ ਦੀ 'ਨੇਕ ਸਲਾਹ' ਅਤੇ ਨਾਲ ਹੀ ਲਿਹਾਜੂ ਚੇਤਾਵਨੀ ਦਿੱਤੀ ਹੈ ਕਿ ਅਜੇਹੀਆਂ ਲਿਖਤਾਂ ਛਾਪਣ ਨਾਲ ਸਧਾਰਨ ਲੋਕਾਂ ਦਾ ਪਰਚੇ ਵੱਲ ਸਤਿਕਾਰ ਘਟ ਜਾਂਦਾ ਹੈ। ਖ਼ੈਰ ਅਜੇਹੀਆਂ ਲਿਖਤਾਂ ਨੂੰ ਛਾਪਣ ਜਾਂ ਨਾ ਛਾਪਣ ਦਾ ਜੋਖਮ ਫ਼ੈਸਲਾ ਮੈਂ ਅਦਾਰਾ 'ਵਤਨੋਂ ਦੂਰ' 'ਤੇ ਛੱਡਦਾ ਹੋਇਆ ਤੁਹਾਡੇ ਵੱਲੋਂ ਉਠਾਏ ਨੁਕਤਿਆਂ ਵੱਲ ਆਉਂਦਾ ਹਾਂ।

ਆਪ ਜੀ ਨੇ ਡਾਕਟਰ ਖ਼ਾਲਸਾ ਬਾਰੇ ਰਿਪੋਰਟ ਪੜ੍ਹ ਕੇ 'ਡਾਕਟਰ' ਅਤੇ 'ਡੰਗਰ ਡਾਕਟਰ' ਦੇ ਹਵਾਲੇ ਦੇ ਕੇ ਕਾਫ਼ੀ ਪ੍ਰੇਸ਼ਾਨੀ ਜ਼ਾਹਿਰ ਕੀਤੀ ਹੈ ਕਿ ਜਿਵੇਂ ਮੇਰੇ ਲਿਖਣ ਦਾ ਮਨੋਰਥ ਕੰਮਾਂ ਦੇ ਅਧਾਰ 'ਤੇ ਲੋਕਾਂ ਵਿਚ ਵੰਡੀਆਂ ਪਾਉਣਾ ਹੋਵੇ। 'ਡੰਗਰ ਡਾਕਟਰ' ਦਾ ਏਥੇ ਮਤਲਬ 'ਡੰਗਰਾਂ ਦਾ ਡਾਕਟਰ' ਨਹੀਂ ਸਗੋਂ ਡੰਗਰਾਂ ਵਾਲੀ ਭਾਵ ਇਨਸਾਨ ਦੀ ਥਾਂ ਹੈਵਾਨਾਂ ਵਾਲੀ ਪ੍ਰਤਿਭਾ ਵਾਲੇ ਵਿਅਕਤੀ ਬਾਰੇ ਹੈ। ਜੋ ਕੁਝ ਇਸ ਘੌਂਕਰੇ ਹੋਏ ਡਾਕਟਰ ਨੇ ਫਿਰਕੂ ਜ਼ਹਿਰ ਦੇ ਫੁੰਕਾਰੇ ਮਾਰੇ ਹਨ, ਉਨ੍ਹਾਂ ਬਾਰੇ ਚੁੱਪ ਵੱਟ ਕੇ ਤੁਸੀਂ ਗਲਤ ਅਰਥ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਕਿਉਂਕਿ ਰਿਪੋਰਟ ਲਿਖਣ ਵਕਤ ਸਾਰੇ ਬੁਲਾਰਿਆਂ ਬਾਰੇ ਟਿੱਪਣੀ ਕਰਨੀ ਬਣਦੀ ਸੀ ਤੇ ਉਸ ਵਕਤ ਸਫ਼ਿਆਂ ਦਾ ਖ਼ਿਆਲ ਰੱਖਦਿਆਂ ਸੰਖੇਪ ਰੂਪ ਵਿਚ ਹੀ ਲਿਖਿਆ ਸੀ। ਉਸ ਦੇ ਡੰਗਰਪੁਣੇ ਦੀਆਂ ਕੁਝ ਹੋਰ ਉਦਾਹਰਣਾਂ ਪੇਸ਼ ਕਰਦਾ ਹਾਂ।

"ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ" ਦੇ ਅਰਥ ਕਰਦਿਆਂ ਤੇ ਆਕੀਆਂ ਦੀਆਂ ਉਦਾਹਰਣਾਂ ਦਿੰਦਿਆਂ ਇਸ ਨੇ ਆਪਣੇ ਮੁਖਾਰਬਿੰਦ 'ਚੋਂ ਇਹ ਸ਼ਬਦ ਉਚਰੇ – "ਆਕੀਆਂ ਨੂੰ ਰਿਕੋਗਨਾਈਜ਼ ਕਰਨਾ, ਉਨ੍ਹਾਂ ਨੂੰ ਆਪਣੀ ਲਿਸਟ 'ਤੇ ਚੜ੍ਹਾਉਣਾ ਤੇ ਉਨ੍ਹਾਂ ਨੂੰ ਗੱਡੀ ਚੜ੍ਹਾਉਣਾ ਵੀ ਸਾਡਾ ਫਰਜ਼ ਹੈ। ਮੇਰਾ ਨਹੀਂ, ਸਿੱਖ ਕੌਮ ਦਾ ਫਰਜ਼ ਹੈ। ਮੈਂ ਤਾਂ ਡਾਕਟਰ ਆਦਮੀ ਹਾਂ ਜ਼ਖ਼ਮੀ ਆਦਮੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗਾ – ਉਤੋਂ ਉਤੋਂ। ...ਮੈਂ ਆਕੀਆਂ ਦੇ ਨਾਂ ਲੈਣ ਤੋਂ ਨਹੀਂ ਡਰਦਾ। ਬਰਨਾਲਾ, ਬਲਵੰਤਾ... ਇਕ ਲਹਿੰਗੇ ਵਾਲਾ ਸੀ – ਹਰੀ ਚੰਦ ਲਹਿੰਗੇ ਵਾਲਾ ( ਇਸ਼ਾਰਾ ਹਰਚੰਦ ਸਿੰਘ ਲੌਂਗੋਵਾਲ ਵੱਲ ਹੈ - ਲੇਖਕ) ਰਾਜੀਵ ਗਾਂਧੀ ਨੇ ਉਹਦਾ ਕਛਹਿਰਾ ਲਾਹ ਲਿਆ ਤੇ ਲਹਿੰਗਾ ਦੇ ਦਿਤਾ। ਸਿੰਘ ਲਾਹ ਕੇ ਚੰਦ ਲਾ ਦਿਤਾ। ਉਹ ਵਿਕ ਗਿਆ। ਅਕਾਲ ਪੁਰਖ ਮਹਾਂਰਾਜ ਨੇ ਆਪਣੇ ਦੂਤ ਭੇਜੇ ਦੋ, ਉਹ ਆਕੀ ਨੂੰ 'ਆਕੀ ਰਹੇ ਨਾ ਕੋਇ' ਦੇ ਹੁਕਮ ਅਨੁਸਾਰ ਉਸਨੂੰ ਖ਼ਤਮ ਕਰ ਦਿਤਾ। ਜੇ ਸਿੱਖ ਕੌਮ ਨੂੰ ਇਹਦੇ 'ਤੇ ਕੋਈ ਸ਼ੱਕ ਹੈ ਤਾਂ ਉਹ ਆਕੀ ਬਣਕੇ ਵਿਖਾਵੇ ਤੇ ਅਕਾਲ ਪੁਰਖ ਮਹਾਂਰਾਜ ਉਸਨੂੰ ਵੀ ਸੋਧੇਗਾ।

ਇੰਟ: ਸਿੱਖ ਯੂਥ ਫੈਡਰੇਸ਼ਨ ਬਾਰੇ ਇਹ ਸਖਸ਼ ਫਰਮਾਉਂਦਾ ਹੈ "ਇਹ ਉਹਨਾਂ ਯੋਧਿਆਂ ਦੀ ਫੈਡਰੇਸ਼ਨ ਐ ਜਿਨ੍ਹਾਂ ਯੋਧਿਆਂ ਨੇ ਆਪਣੀਆਂ ਵੱਖੀਆਂ ਵਿਚੋਂ ਦੀ ਤੱਤੀਆਂ ਸੀਖਾਂ ਕਢਵਾ ਲਈਆਂ। ਆਪਣੇ ਪੋਟੇ, ਟੋਟੇ ਟੋਟੇ ਕਰਕੇ ਕਢਵਾ ਲਏ, ਅੱਖਾਂ ਕਢਵਾ ਲਈਆਂ ..... ਆਕੀ ਨਾ ਰਿਹਾ ਐ ਨਾ ਰਹਿਣਾ ਤੇ ਪਿਆਰੇ ਖਾਲਸਾ ਜੀ ਇੰਟ: ਸਿੱਖ ਯੂਥ ਫੈਡਰੇਸ਼ਨ ਨੇ ਨਾ ਹੀ ਕੋਈ ਆਕੀ ਰਹਿਣ ਦੇਣਾ ਐ।" ਜਦ ਕਿ ਅਸਲੀਅਤ ਇਹ ਹੈ ਕਿ ਜਿਵੇਂ ਸਾਰਿਆਂ ਨੂੰ ਪਤਾ ਹੈ ਕਿ ਇਹ ਜਥੇਬੰਦੀ ਅਤੇ ਇਸਦੀ ਦੂਸਰੀ ਭਰਾਤਰੀ ਜੱਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਰਦਾਰਾਂ ਦੇ ਕਾਕਿਆਂ ਦੀਆਂ ਹਥਿਆਰਬੰਦ ਗੁੰਡਿਆਂ ਦੀਆਂ ਟੋਲੀਆਂ ਹਨ ਜਿਨ੍ਹਾਂ ਦੇ ਹੱਥ ਮਹਿਬੂਬ ਵਿਦਿਆਰਥੀ ਆਗੂ ਪਿਰਥੀਪਾਲ ਰੰਧਾਵਾ, ਸੁਖਰਾਜ ਚੰਦਰ, ਸੁਮੀਤ, ਵਿਸ਼ਵਾਨਾਥ ਤਿਵਾੜੀ ਅਤੇ ਅਨੇਕਾਂ ਮਾਸੂਮ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

ਇਸ ਸਖਸ਼ ਨੇ ਜਗਦੇਵ ਸਿੰਘ ਤਲਵੰਡੀ ਨੂੰ ਆਪਣੇ ਵਰਗਾ "ਧੱਕੜ ਜੱਟ" ਅਤੇ ਉਸਨੂੰ ਬਾਬਾ ਜੁਗਿੰਦਰ ਸਿੰਘ ਦੇ ਯੂਨਾਈਟਡ ਅਕਾਲੀ ਦਲ ਦਾ ਸਮਰਥਕ ਅਤੇ ਅਕਾਲ ਤਖ਼ਤ ਦੀ ਰਾਖੀ ਲਈ ਕਮਰਕੱਸੇ ਕੱਸੀ ਖੜ੍ਹੇ ਯੋਧੇ ਵਜੋਂ ਪੇਸ਼ ਕੀਤਾ। ਅਜੀਬ ਮੌਕਾ ਮੇਲ ਹੈ। ਜਿਹੜਾ ਸਖ਼ਸ਼ ਅਕਤੂਬਰ 1979 ਵਿਚ ਇਸੇ ਅਕਾਲ ਤਖ਼ਤ ਬਾਰੇ ਕਹਿੰਦਾ ਸੀ ਕਿ ਜਨਰਲ ਡਾਇਰ ਨੂੰ ਸਿਰੋਪਾ ਭੇਂਟ ਕਰਨ ਵਾਲੇ ਅਕਾਲ ਤਖ਼ਤ ਨੂੰ ਹੁਕਮਨਾਮੇ ਜਾਰੀ ਕਰਨ ਦਾ ਕੀ ਅਧਿਕਾਰ ਹੈ? ਉਹੀ ਵਿਅਕਤੀ ਹੁਣ ਅਕਾਲ ਤਖ਼ਤ ਦੀ ਰਾਖੀ ਲਈ ਤਿਆਰ ਬਰ ਤਿਆਰ ਸਿਪਾਹ-ਸਿਲਾਰ ਵਜੋਂ ਪੇਸ਼ ਕੀਤਾ ਗਿਆ ਹੈ। ਆਪ ਜੀ ਨੂੰ ਯਾਦ ਹੋਏਗਾ ਕਿ ਉਸਦੇ ਅਜੇਹਾ ਕਹਿਣ 'ਤੇ ਅਤੇ ਹੁਕਮਨਾਮੇ ਦੀ ਉਲੰਘਣਾ ਕਰਨ ਕਰਕੇ ਪੰਜ ਪਿਆਰਿਆਂ ਵੱਲੋਂ ਇਸੇ ਤਲਵੰਡੀ ਨੂੰ 'ਤਨਖਾਹੀਆ' ਕਰਾਰ ਦਿਤਾ ਗਿਆ ਸੀ ਤੇ ਬਾਅਦ ਵਿਚ ਹਾਲਾਤ ਆਪਣੇ ਪੱਖ ਵਿਚ ਨਾ ਭੁਗਤਦੇ ਹੋਣ ਕਾਰਨ ਇਸੇ 'ਧੱਕੜ ਜੱਟ' ਨੇ ਸੱਤ ਦਿਨ ਲੰਗਰ ਦੇ ਭਾਂਡੇ ਮਾਂਜਣ ਦੀ 'ਸਜ਼ਾ' ਕਬੂਲੀ ਸੀ। ਇਥੇ ਇਕ ਗੱਲ ਕਹਿ ਦੇਵਾਂ ਕਿ ਜਿਸ 'ਪਿਉ ਦੇ ਘਰ' ਢਹਿਣ ਦਾ ਇਸ ਡਕਟਰ ਨੂੰ ਦੁੱਖ ਹੋਇਆ ਹੈ ਉਸੇ ਥਾਂ ਤੋਂ ਡਾਇਰ ਵਰਗੇ ਕਾਤਲਾਂ ਨੂੰ ਸਿਰੋਪੇ ਦੇਣ ਵਰਗੀ ਮੁਜ਼ਰਮਾਨਾ ਤੇ ਸ਼ਰਮਨਾਕ ਕਰਤੂਤ ਬਾਰੇ ਕੁੱਝ ਕਹਿਣਾ ਅਜੇ ਇਸ ਰਚਨੀ ਲਿਖਤ ਦਾ ਵਿਸ਼ਾ ਨਹੀਂ।

ਖ਼ਾਲਿਸਤਾਨੀਆਂ ਦੇ ਕੀ ਇਰਾਦੇ ਹਨ? ਇਸ ਬਾਰੇ ਮੈਂ ਰਿਪੋਰਟ ਵਿਚ ਲਿਖਿਆ ਸੀ ਪਰ ਜਾਪਦਾ ਹੈ ਤੁਸੀਂ 'ਮੇਹਣੇ ਤਾਅਨੇ' ਸਮਝ ਕੇ ਪੜ੍ਹਨਾ ਨਹੀਂ ਚਾਹਿਆ। ਖ਼ਾਲਿਸਤਾਨ ਦੀ ਰਾਜ ਵਿਧੀ ਅਤੇ ਨੀਤੀਆਂ ਬਾਰੇ ਇਹ ਅਨਸਰ ਕਹਿੰਦਾ ਹੈ – "( ਖਾਲਿਸਤਾਨ ਵਿਚ) ਰੋਟੀ ਪਾਣੀ ਛਕਿਆ ਕਰਾਂਗੇ, ਜੈਕਾਰੇ ਬੁਲਾਇਆ ਕਰਾਂਗੇ ਤੇ ਵਾਹਿਗੁਰੂ ਦਾ ਨਾਂ ਲਿਆ ਕਰਾਂਗੇ ਤੇ ਝੰਡਾ ਹਰ ਸਾਲ ਇਕ ਨਵੇਂ ਮੁਲਕ 'ਤੇ ਗੱਡ ਦਿਆ ਕਰਾਂਗੇ। ਹੈਂ ਜੀ! ਕਿਉਂਕਿ ਰਾਜ ਖ਼ਾਲਸੇ ਨੇ ਕਰਨਾ ਹੈ ਤੇ ਹੋਣਾ ਸਾਰੇ ਗਲੋਬ 'ਤੇ ਈ ਐ... ਕਿਸੇ ਨੂੰ ਚੰਗਾ ਲੱਗੇ ਨਾ ਲੱਗੇ, ਮੈਂ ਸਿੱਧੀ ਗੱਲ ਕਰਦਾਂ। ਤੇ ਹਰ ਸਾਲ ਈ ਕੋਈ ਨਾ ਕੋਈ ਔਹੋ ਜਿਹਾ ਕੰਮ ਹੋ ਜਿਆ ਕਰਨਾ... ਮੈਂ ਸਵੇਰੇ ਇਕ ਸਿੰਘ ਸਾਹਿਬ ਨੂੰ ਦੱਸ ਰਿਹਾ ਸੀ ਕਿ ਜਦੋਂ ਅੰਮ੍ਰਿਤਸਰੋਂ ਗੱਡੀ ਚੜ੍ਹਦੇ ਸਾਂ ਲੁਧਿਆਣੇ ਜਾਣ ਲਈ ਤਾਂ ਖਲੋਣ ਲਈ ਥਾਂ ਨਹੀਂ ਸੀ ਹੁੰਦੀ। ਪੈਰ ਪੂਰ ਰੱਖ ਕੇ ਨਾਲ ਗੱਡੀ ਦੇ ਲਮਕ ਜਾਣਾ... ਧੱਕੇ ਧੁੱਕੇ ਮਾਰ ਕੇ ਅੰਦਰ ਵੜ ਜਾਣਾ... ਰੌਲਾ ਰੂਲਾ ਪਾ ਕੇ ਸੀਟ 'ਤੇ ਪੈਰ ਰੱਖ ਲੈਣਾ ਤੇ ਲੁਧਿਆਣੇ ਤੱਕ ਪਹੁੰਚਦਿਆਂ ਪੂਰੇ ਡੱਬੇ ਉਤੇ... ਸੀਟ ਉਤੇ ਸੁੱਤੇ ਹੋਣਾ। ਇਹੋ ਈ ਕੰਮ ਹੁਣ ਐ ਕਿ ਧੱਕੇ ਧੁੱਕੇ ਮਾਰ ਕੇ ਪੈਰ ਰੱਖ ਲੈਣਾ, ਅਸੀਂ ਪੰਜਾਬ ਉਤੇ ਤੇ ਹੋਰ ਦੋ- ਤਿੰਨਾਂ ਸਾਲਾਂ ਦੀ ਗੱਲ ਐ ਕਿ ਕੰਨਿਆਂ ਕੁਮਾਰੀ ਤੱਕ ਸਾਡਾ ਝੰਡਾ ਝੁਲਿਆ ਕਰੇਗਾ।" ਕੀ ਇਹਨਾਂ ਦੇ ਇਰਾਦਿਆਂ ਬਾਰੇ ਅਜੇ ਵੀ ਕੋਈ ਕਸਰ ਰਹਿੰਦੀ ਹੈ ਦਲੀਪ ਜੀ? ਨਾਂਗਾ ਮਾਰੇ ਚਾਂਗਾਂ, ਚੋਰੀ ਡੇਬਣ ਨੂੰ!

ਇਹ ਸਖਸ਼ ਇਨੀ ਭੱਦੀ, ਕੁਰੱਖਤ ਤੇ ਜੰਘਲ ਬੋਲੀ ਬੋਲਦਾ ਸੀ ਕਿ ਇਸਦੇ ਦਿਮਾਗੀ ਡੰਗਰਪੁਣੇ ਬਾਰੇ ਸਿਆਣੇ ਬਜ਼ੁਰਗਾਂ ਨੇ ਠੀਕ ਹੀ ਕਿਹਾ ਸੀ। ਮਸਲਨ, ਜਦੋਂ ਇਹ ਸਖ਼ਸ਼ ਕਹਿ ਰਿਹਾ ਸੀ "ਮਰ ਤੁਸੀਂ ਸਾਰਿਆਂ ਨੇ ਜਾਣੈ। ਮੈਂ ਡਾਕਟਰ (?) ਆਂ, ਮੈਨੂੰ ਪੱਕਾ ਪਤਾ ਤੁਹਾਡੇ 'ਚੋਂ ਬਚਣਾ ਕਿਸੇ ਨੇ ਨਹੀਂ। ਤੁਸੀਂ ਸਾਰਿਆਂ ਨੇ ਮਰਨੈ... ਕਿਸੇ ਨੇ ਸਾਲ ਨੂੰ, ਕਿਸੇ ਨੇ ਦੋਹਾਂ ਨੂੰ, ਕਿਸੇ ਨੇ ਪੰਜਾਂ ਨੂੰ, ਕਿਸੇ ਨੇ ਵੀਹਾਂ ਨੂੰ ... ਮਰ ਤੁਸੀਂ ਸਾਰਿਆਂ ਨੇ ਜਾਣੈਂ ..." ਇਸ ਬਦਬਖ਼ਤ ਨੂੰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਜੇਕਰ ਬਾਕੀਆਂ ਨੇ ਮਰ ਜਾਣੈ ਤਾਂ ਉਹਦੇ ਕਿਹੜਾ ਇਥੇ ਕਿੱਲੇ ਗੱਡੇ ਹੋਏ ਹਨ ਜਾਂ ਉਹ ਸਦਾ ਜਿਉਂਦੇ ਰਹਿਣ ਦਾ ਧਰਮਰਾਜੀ ਪਰਮਿਟ ਲੈ ਕੇ ਆਇਆ ਹੈ?

ਬਾਕੀ ਆਪ ਜੀ ਨੂੰ ਰਮਤੇ ਦੀ ਨਿਖੇਧੀ ਪੜ੍ਹ ਕੇ ਕਾਫੀ ਦੁੱਖ ਹੋਇਆ ਹੈ ਤੇ ਨਾਲ ਹੀ ਤੁਸੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਿਵੇਂ ਮੈਂ ਇਹ ਕਿਹਾ ਹੋਵੇ ਕਿ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਅਜੇਹੇ ਘਟੀਆ ਗੀਤ ਨਹੀਂ ਗਾਏ ਜਾਣੇ ਚਾਹੀਦੇ – ਉਂਜ ਭਾਵੇਂ ਕੋਈ ਬਾਹਰ ਜਿਵੇਂ ਮਰਜ਼ੀ ਗੰਦ ਬਕਦਾ ਫਿਰੇ। ਆਪ ਜੀ ਨੇ ਇਉਂ ਸਿੱਟਾ ਕੱਢਣ ਦੀ ਕੋਸ਼ਿਸ਼ ਕੀਤੀ ਹੈ ਕਿ ਅਗਾਂਹਵਧੂ ਗੀਤਾਂ ਦੀ ਅਣਹੋਂਦ ਕਰਕੇ ਹੀ ਰਮਤੇ ਵਰਗੇ ਘਟੀਆ ਗੀਤ ਗਾਉਂਦੇ ਹਨ। ਪਰ ਤੁਸੀਂ ਆਪ ਸੋਚੋ ਕਿ ਕੀ ਸ: ਗੁਰਸ਼ਰਨ ਸਿੰਘ ਦੇ ਡਰਾਮੇ, ਉਨਾਂ ਦੀ ਜੱਥੇਬੰਦੀ ਦੇ ਇਨਕਲਾਬੀ ਗੀਤ, ਪਾਸ਼ ਮੰਚ ਦੇ ਗੀਤ, ਸੰਤ ਰਾਮ ਉਦਾਸੀ, ਪਾਸ਼, ਪਟਕੜ, ਸੁਰਜੀਤ ਪਾਤਰ, ਸੁਖਪਾਲ, ਸਾਧੂ, ਪੰਜਲ, ਜੈਮਲ ਪੱਡਾ, ਇਕਬਾਲ

ਤੇ ਅਨੇਕਾਂ ਹੋਰ ਪ੍ਰਗਤੀਵਾਦੀ ਸ਼ਾਇਰਾਂ ਦੀਆਂ ਰਚਨਾਵਾਂ ਗਾਇਬ ਹਨ ਜਿਸ ਕਰਕੇ ਰਮਤੇ ਵਰਗਿਆਂ ਨੂੰ ਅਜੇਹੇ ਘਟੀਆ ਗੀਤ ਤੇ ਲਫ਼ਜ਼ ਘੋਜਣੇ ਪੈਂਦੇ ਹਨ? ਤੁਹਾਡੀ ਚਿੱਠੀ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਤੁਸੀਂ ਖਾਹਮਖਾਹ ਹੀ ਐਸੇ ਇਖ਼ਲਾਕ ਹੀਣ ਆਨਸਰਾਂ ਨੂੰ ਕਿਉਂ ਬਚਾਉਣ ਲਈ ਹਥ ਪੈਰ ਮਾਰ ਰਹੇ ਹੋ? ਇਹੋ ਜਿਹੇ ਘਟੀਆ ਸਖ਼ਸ਼ਾਂ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜੀ ਹੈ।

ਤੁਸੀਂ ਫ਼ੁਰਮਾਇਆ ਹੈ ਕਿ ਮੈਂ ਰੇਡੀਓ ਅਨਾਊਂਸਰ ਬਾਰੇ ਕਾਫ਼ੀ ਗੁਸਤਾਖ਼ੀ ਨਾਲ ਲਿਖਿਆ ਹੈ। ਇਸ ਦਾੜ੍ਹੀ-ਮੁੱਛ ਧਾਰੀ ਚੋਰ ਨੇ ਪਿਛਲੇ ਦੋ ਸਾਲਾਂ ਤੋਂ ਰੇਡੀਓ ਪ੍ਰੋਗਰਾਮਾਂ ਉਤੇ ਫ਼ਿਰਕੂ ਜ਼ਹਿਰ ਦਾ ਪਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਹੈ। ਗੁਰਸ਼ਰਨ ਸਿੰਘ ਜਿਹੇ ਸੁਘੜ ਤੇ ਇਮਾਨਦਾਰ ਕਲਾਕਾਰ ਬਾਰੇ ਇਕ ਨਵੇਂ ਸਜੇ ਨਿਹੰਗ ਕੋਲੋਂ ਆਪਣੇ ਰੇਡੀਓ ਪ੍ਰੋਗਰਾਮ ਤੋਂ ਕੂੜ੍ਹ ਭਰਿਆ ਲੈਕਚਰ ਨਸ਼ਰ ਕਰਵਾਇਆ, ਜਿਸਨੂੰ ਸ਼ਾਇਦ ਏਸੇ ਨੇ ਹੀ ਲਿਖ ਕੇ ਦਿੱਤਾ ਸੀ। ਪਿਛਲੇ ਦੋ-ਤਿੰਨ ਸਾਲਾਂ ਤੋਂ ਮੈਨੂੰ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਅਕਸਰ ਕੈਲਗਰੀ ਤੋਂ ਐਡਮੰਟਨ ਦੇ ਚੱਕਰ ਮਾਰਨੇ ਪੈਂਦੇ ਰਹੇ ਹਨ ਜਿੰਨ੍ਹਾਂ ਦੌਰਾਨ ਮੈਨੂੰ ਐਡਮੰਟਨ ਦੇ ਰੇਡੀਓ ਪ੍ਰੋਗਰਾਮਾਂ ਤੇ ਗੁਰਦਵਾਰਿਆਂ ਦੇ ਪ੍ਰੋਗਰਾਮਾਂ ਨੂੰ ਸੁਣਨ ਦੇਖਣ ਦਾ ਖੁੱਲ੍ਹਾ ਮੌਕਾ ਮਿਲਦਾ ਰਿਹਾ ਹੈ। ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਐਡਮੰਟਨ ਵਿਚ ਕੰਮ ਕਰ ਰਹੀ ਅਗਾਂਹਵਧੂ ਕਾਰਕੁੰਨਾਂ ਦੀ ਜੱਥੇਬੰਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਤੋਂ ਮੈਂ ਬਹੁਤ ਪ੍ਰਭਾਵਤ ਹਾਂ। ਇਸ ਜੱਥੇਬੰਦੀ ਦੇ ਕਾਰਕੁੰਨਾਂ ਬਾਰੇ ਗਾਲਾਂ ਵਰਗੀ ਘਟੀਆ ਅਲਫ਼ਾਜ਼ੀ ਇਸ ਰੇਡੀਓ ਅਨਾਊਂਸਰ ਵੱਲੋਂ ਅਕਸਰ ਵਰਤੀ ਜਾਂਦੀ ਰਹੀ ਹੈ।

ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜੇਹੇ ਸੰਮੇਲਨਾਂ ਦੀ ਰਿਪੋਰਟ ਵਰਗੀਆਂ ਲਿਖਤਾਂ ਲਿਖਣ ਦਾ ਮੈਨੂੰ ਕੋਈ ਪੁਸ਼ਤੀ ਸ਼ੌਕ ਨਹੀਂ ਹੈ। ਪਰ ਜਦੋਂ ਫ਼ਿਰਕੂ ਜ਼ਹਿਰ ਦੇ ਵਣਜਾਰੇ ਇਹ ਅਨਸਰ ਗੁਰੂ ਨਾਨਕ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਕਹਿਣੀਆਂ, ਕਰਨੀਆਂ ਅਤੇ ਕੁਰਬਾਨੀਆਂ ਨੂੰ ਆਪਣੇ ਸੌੜੇ ਮੰਤਵਾਂ ਲਈ ਵਰਤਣ ਤੋਂ ਦਰੇਗ ਨਹੀਂ ਕਰਦੇ ਤਾਂ ਮੇਰੇ ਵਰਗੇ ਕਿਸੇ ਵੀ ਸਾਧਾਰਨ ਵਿਅਕਤੀ ਨੂੰ ਗੁੱਸਾ ਆਉਣਾ ਕੁਦਰਤੀ ਗੱਲ ਹੈ। ਤੁਹਾਡੇ ਵਿਚਾਰਾਂ ਦੀ ਕਦਰ ਕਰਦਾ ਹੋਇਆ ਤੁਹਾਨੂੰ ਅਤੇ ਆਪਣੇ ਦੋਨਾਂ ਵਰਗੇ ਹੋਰਨਾਂ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਇਨ੍ਹਾਂ ਫ਼ਿਰਕੂ-ਜਨੂੰਨੀਆਂ ਦਾ ਭਾਂਡਾ ਹਰ ਸੰਭਵ ਤਰੀਕੇ ਨਾਲ ਚੁਰਸਤੇ ਵਿਚ ਭੰਨਣਾ ਚਾਹੀਦਾ ਹੈ। ਇਹਨਾਂ ਫ਼ਿਰਕੂ ਜਨੂੰਨੀਆਂ ਦੇ ਤੁਅੱਸਬੀ ਵਰਤਾਰੇ ਜ਼ਾਲਮ ਹਾਕਮਾਂ ਦੇ ਹੀ ਹੱਥ ਮਜ਼ਬੂਤ ਕਰਨ ਦਾ ਸਬੱਬ ਬਣਦੇ ਹਨ। ਸਾਡਾ ਸੋਚਣਾ ਹੀ ਬਣਦਾ ਹੈ ਕਿ ਇਹ ਸਾਰੀ ਗੱਲ ਕਿਧਰ ਨੂੰ ਜਾ ਰਹੀ ਹੈ:

"ਹਰ ਸ਼ਾਖ਼ ਪੇ ਉੱਲੂ ਬੈਠਾ ਹੈ
ਅੰਜ਼ਾਮੇ-ਗੁਲਿਸਤਾਂ ਕਿਆ ਹੋਗਾ?" •

(CALGARY, ALBERTA)




**RED FORT INSURANCE SERVICES**

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

**HARJIT JUDGE**

BUS. 463-9523 RES. 462-2371

Let me look after all your Insurance Needs:

PERSONAL: Fire, Auto, Motor, Tenant Package

LIFE INSURANCE: Mortgage, Disability and Accident & Sickness.

COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.



**Millwoods Hair Stylists (Unisex)**

SPECIALIZED IN:

i) Haircut ii) Blow Dry iii) Colour
iv) Perms v) Henna vi) French Braids

PHONE:

**DARSHAN DHILLON**

FOR APPOINTMENT (463 5012)

# ਵਤਨ ਦੀ ਵਾਅ

['ਸਮਤਾ' ਫਰਵਰੀ 1986 ਦਾ ਸੰਪਾਦਕੀ]

– ਗੁਰਸ਼ਰਨ ਸਿੰਘ –

ਇਹ ਸੰਪਾਦਕੀ ਭਾਵੇਂ ਕਾਫ਼ੀ ਪਛੜ ਕੇ ਛਪ ਰਿਹਾ ਹੈ, ਪਰ ਇਸ ਵਿਚੋਂ ਉਠਾਏ ਗਏ ਨੁਕਤੇ ਸਦੀਵੀ ਮਹੱਤਵ ਰੱਖਦੇ ਹਨ :

ਪੰਜਾਬ ਦੇ ਲੋਕਾਂ ਦੀ ਆਪਸੀ ਏਕਤਾ ਦਾ ਮਸਲਾ –
ਹਰਿਆਣਾ ਅਤੇ ਪੰਜਾਬ ਦੀ ਹੱਦਬੰਦੀ ਦਾ ਮਸਲਾ–
ਸਤਲੁਜ ਜਮਨਾ ਨਹਿਰ ਦੀ ਖੁਦਵਾਈ ਅਤੇ ਚੰਡੀਗੜ੍ਹ ਦਾ ਮਸਲਾ–
ਸਿੱਖ ਫੌਜੀਆਂ ਅਤੇ ਜੋਧਪੁਰ ਦੀਆਂ ਜੇਲ੍ਹਾਂ 'ਚ ਬੰਦ ਨੌਜਵਾਨਾਂ ਦੀ ਰਿਹਾਈ ਦਾ ਮਸਲਾ–
ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਮਸਲਾ–

ਪੰਜਾਬ ਦੇ ਲੋਕਾਂ ਉੱਤੇ ਖਾਸ ਕਰਕੇ ਅਤੇ ਭਾਰਤ ਦੇ ਲੋਕਾਂ ਉੱਤੇ ਆਮ ਕਰਕੇ ਇਨ੍ਹਾਂ ਮਸਲਿਆਂ ਦਾ ਡੂੰਘਾ ਅਸਰ ਹੁੰਦਾ ਰਹਿਣਾ ਹੈ। ਅਸੀਂ ਇਸ ਸੰਪਾਦਕੀ ਦੇ ਕੇਂਦਰੀ ਨੁਕਤੇ ਨਾਲ ਪੂਰਨ ਸਹਿਮਤੀ ਪ੍ਰਗਟ ਕਰਦੇ ਹਾਂ ਕਿ ਖੱਬੀ ਧਿਰ ਦੇ ਦੇਸ-ਪਰਦੇਸ ਵਿੱਚ ਬੈਠੇ ਲੋਕਾਂ ਨੂੰ ਇਨ੍ਹਾਂ ਮਸਲਿਆਂ ਬਾਰੇ ਦ੍ਰਿੜ੍ਹ ਸਟੈਂਡ ਲੈਣਾ ਚਾਹੀਦਾ ਹੈ।

– ਅਦਾਰਾ ਵਤਨੋਂ ਦੂਰ

ਇਸ ਦੇਸ਼ ਦੀ ਵਾਗਡੋਰ ਹਰ ਪੱਧਰ ਤੇ ਬੜੇ ਹੀ ਘਟੀਆ ਸਿਆਸਤਦਾਨਾਂ ਦੇ ਹੱਥ ਚਲੀ ਗਈ ਹੈ। ਕੇਂਦਰ, ਹਰਿਆਨਾ ਅਤੇ ਪੰਜਾਬ ਦੇ ਸਿਆਸਤਦਾਨਾਂ ਨੇ ਇਹਨਾਂ ਦਿਨਾਂ ਵਿਚ ਜਿਹੜੀ ਘਟੀਆ ਸਿਆਸਤ ਦੀ ਪ੍ਰਦਰਸ਼ਨੀ ਕੀਤੀ ਹੈ, ਇਸਦੀ ਜਿੰਨੀਂ ਵੀ ਨਿਖੇਧੀ ਕੀਤੀ ਜਾਏ, ਉਹ ਥੋੜ੍ਹੀ ਹੈ, ਕੁਰਸੀ ਲਈ ਵੋਟਾਂ ਚਾਹੀਦੀਆਂ ਹਨ ਤੇ ਵੋਟਾਂ ਲੋਕਾਂ ਦੇ ਜਜ਼ਬਾਤ ਭੜਕਾ ਕੇ ਲਈਆਂ ਜਾ ਸਕਦੀਆਂ ਹਨ। ਇਸ ਲਈ ਹਰ ਥਾਂ ਤੇ ਇਹ ਬੁਰਜੁਆ ਸਿਆਸਤਦਾਨ ਮੌਕਾਪ੍ਰਸਤੀ ਦੀਆਂ ਸਿਖਰਾਂ ਛੂਹ ਰਹੇ ਹਨ। ਅੰਦਰਖਾਨੇ ਸਮਝੌਤੇ ਕੁਝ ਕਰਦੇ ਹਨ, ਬਾਹਰ ਦਸਦੇ ਕੁਝ ਹਨ। ਫੇਰ ਇਕ ਦੂਜੇ ਉਤੇ ਸਮਝੌਤੇ ਤੋਂ ਮੁਕਰਨ ਦੇ ਇਲਜ਼ਾਮ ਲਗਾਉਂਦੇ ਹਨ। ਆਰਾਮ ਨਾਲ ਬੈਠੇ ਬੈਠਾਏ ਸਾਧਾਰਨ ਲੋਕਾਂ ਵਿਚ ਨਫ਼ਰਤ ਦੇ ਬੀਜ ਬੀਜਦੇ ਹਨ, ਉਹਨਾਂ ਦੇ ਹੱਥ ਡਾਂਗਾਂ ਫੜਾਂਦੇ ਹਨ ਤੇ ਆਪ ਫੇਰ ਇਕੱਠੇ ਬੈਠੇ ਚਾਹਾਂ ਪੀਂਦੇ ਹਨ। ਨਵੇਂ ਸਮਝੌਤੇ ਕਰਦੇ ਹਨ। ਆਮ ਆਦਮੀ ਇਹਨਾਂ ਦੀ ਚਾਲਾਂ ਦੇ ਸ਼ਿਕਾਰ ਹੁੰਦੇ ਹਨ। ਇਸ ਹਾਲਤ ਵਿਚ ਸੂਝਵਾਨ ਲੋਕਾਂ ਦਾ, ਵਿਸ਼ੇਸ਼ ਕਰਕੇ ਖੱਬੀ ਧਿਰ ਵਾਲਿਆਂ ਦਾ ਵੱਡਾ ਫਰਜ਼ ਹੈ ਕਿ ਉਹ ਦ੍ਰਿੜ ਸਟੈਂਡ ਲੈਣ, ਲੋਕਾਂ ਨੂੰ ਆਪਸੀ ਨਫ਼ਰਤ ਤੋਂ ਬਚਾਉਣ ਤੇ ਇਸ ਭ੍ਰਿਸ਼ਟ ਤੇ ਝੂਠੇ ਨਿਜ਼ਾਮ ਨੂੰ ਚਲਾਉਣ ਵਾਲੇ ਸਾਂਝੇ ਦੁਸ਼ਮਣਾਂ ਦੇ ਵਿਰੁਧ ਰਲ ਕੇ ਸੰਘਰਸ਼ ਕਰਨ।

● ਪੰਜਾਬ ਦੇ ਲੋਕਾਂ ਦੀ ਆਪਸੀ ਏਕਤਾ ਕੋਈ ਵੀ ਮਸਲਾ ਹੱਲ ਕਰਨ ਲਈ ਸਭ ਤੋਂ ਵੱਡੀ ਜ਼ਰੂਰਤ ਹੈ। ਪੰਜਾਬ ਵਿਚ ਜਿਹੜੇ ਇੱਕਾ ਦੁੱਕਾ ਹਿੰਦੂ ਕਤਲ ਹੋ ਰਹੇ ਹਨ, ਇਸਦੇ ਵਿਰੁੱਧ ਇਕ ਜ਼ੋਰਦਾਰ ਰਾਏਆਮਾ ਲਾਮਬੰਦ ਕੀਤੀ ਜਾਏ। ਇਸਨੂੰ ਅੱਖੋਂ ਪ੍ਰੋਖਾ ਨਾ ਕੀਤਾ ਜਾਏ। ਪੰਜਾਬ ਦੇ ਲੋਕਾਂ ਦੀ ਸਾਂਵੀ ਪੱਧਰੀ ਸਮਾਜਕ ਜ਼ਿੰਦਗੀ ਵਿਚ ਇਹ ਕਤਲ ਵੱਡਾ ਵਿਘਨ ਪਾ ਰਹੇ ਹਨ। ਬੱਸਾਂ ਸਵੇਰੇ ਸੱਤ ਵਜੇ ਤੋਂ ਪਹਿਲੇ ਅੱਡੇ ਤੋਂ ਨਿਕਲਦੀਆਂ ਨਹੀਂ ਤੇ ਸ਼ਾਮ ਸੱਤ ਵਜੇ ਬਾਅਦ ਸਾਰੀ ਆਵਾਜਾਈ ਬੰਦ ਹੋ ਜਾਂਦੀ ਹੈ, ਇਕ ਸਹਿਮ ਤੇ ਇਕ ਡਰ ਦਾ ਪ੍ਰਛਾਵਾਂ ਹਰ ਵੇਲੇ ਸੜਕਾਂ ਤੇ ਛਾਇਆ ਰਹਿੰਦਾ ਹੈ। ਹਾਲਾਤ ਦੇ ਸਾਧਾਰਨੀਕਰਨ ਨਾ ਹੋਣ ਤੇ ਸਮੁੱਚੇ ਪੰਜਾਬ ਨੂੰ ਆਰਥਕ ਤੌਰ ਤੇ ਇਕ ਵੱਡਾ ਨੁਕਸਾਨ ਹੋ ਰਿਹਾ ਹੈ, ਇਸਦੇ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ।

● ਹਰਿਆਨਾ ਤੇ ਪੰਜਾਬ ਦੇ ਲੋਕਾਂ ਵਿਚ ਆਪਸੀ ਨਫ਼ਰਤ ਫੈਲਾਉਣ ਦੀਆਂ ਇਹਨਾਂ ਬੁਰਜੁਆ ਸਿਆਸਤਦਾਨਾਂ ਦੀਆਂ ਚਾਲਾਂ ਫੇਲ ਕਰਨੀਆਂ ਚਾਹੀਆਂ ਹਨ। ਇਸ ਪ੍ਰਸੰਗ ਵਿਚ ਮੈਥੀਉ ਕਮਿਸ਼ਨ ਵਲੋਂ ਕਰਵਾਇਆ ਗਿਆ ਭਾਸ਼ਾਈ ਸਰਵੇਖਣ ਇਕ ਬੜਾ ਹੀ ਖਤਰਨਾਕ ਕਦਮ ਸੀ। ਭਾਰਤ ਦੀ ਸਰਕਾਰ ਨੇ ਇਸ ਸਰਵੇਖਣ ਦਾ ਬੰਦੋਬਸਤ ਕੀਤਾ ਹੈ, ਤੇ

ਇਹ ਹੱਕ ਕੁਝ ਪਿੰਡਾਂ ਦੇ ਲੋਕਾਂ ਨੂੰ ਦਿਤਾ ਹੈ ਕਿ ਉਹ ਇਹ ਫੈਸਲਾ ਲੈਣ ਕਿ ਉਹਨਾਂ ਨੇ ਹਰਿਆਨਾ ਵਿਚ ਰਹਿਣਾ ਹੈ ਜਾਂ ਪੰਜਾਬ ਵਿਚ, ਇਹੋ ਸਰਕਾਰ ਕਸ਼ਮੀਰ ਦੇ ਲੋਕਾਂ ਨੂੰ ਇਹੋ ਹੱਕ ਦੇਣ ਲਈ ਸਾਲਾਂ ਤੋਂ ਮੁਨਕਰ ਹੈ। ਯੂ. ਐਨ. ਓ. ਜਾਂ ਸਿਕਿਉਰਟੀ ਕੌਂਸਲ ਵਿਚ ਭਾਰਤ ਦੇ ਨੁਮਾਇੰਦੇ ਹਮੇਸ਼ਾਂ ਇਹ ਸਟੈਂਡ ਲੈਂਦੇ ਰਹੇ ਹਨ ਕਿ ਇਹੋ ਜਹੀ ਰਾਏ ਸ਼ੁਮਾਰੀ ਨਾਲ ਸਿਰਫ ਕਸ਼ਮੀਰ ਦੇ ਲੋਕਾਂ ਦਾ ਸੰਬਧ ਨਹੀਂ, ਸਗੋਂ ਭਾਰਤ ਵਿਚ ਰਹਿ ਰਹੇ 9 ਕ੍ਰੋੜ ਮੁਸਲਮਾਨਾਂ ਦਾ ਭਵਿੱਖ ਖਤਰੇ ਵਿਚ ਪੈ ਜਾਦਾ ਹੈ, ਜੇਕਰ ਕਸ਼ਮੀਰ ਦੇ ਮੁਸਲਮਾਨ ਪਾਕਿਸਤਾਨ ਨਾਲ ਰਲਣ ਦੀ ਰਾਏ ਦੇ ਦੇਂਦੇ ਹਨ ਜਿਸ ਤਰ੍ਹਾਂ ਕਿ ਯਕੀਨ ਹੈ ਕਿ ਉਹਨਾਂ ਨੇ ਮਜ਼ਹਬੀ ਜਨੂੰਨ ਦੇ ਹੇਠ ਦੇ ਹੀ ਦੇਣੀ ਹੈ ਤਾਂ ਭਾਰਤ ਸਰਕਾਰ ਲਈ ਭਾਰਤ ਵਿਚ ਮੁਸਲਮਾਨਾਂ ਦੀ ਰਖਵਾਲੀ ਮੁਸ਼ਕਿਲ ਹੋ ਜਾਏਗੀ। ਕੀ ਇਹੋ ਦਲੀਲ ਇਸ 'ਭਾਸ਼ਾਈ ਸਰਵੇਖਣ' ਤੇ ਲਾਗੂ ਨਹੀਂ ਹੁੰਦੀ ? ਜਿਸ ਤਰ੍ਹਾਂ ਹਰਿਆਨਾ ਤੇ ਪੰਜਾਬ ਦੋਵੇਂ ਪਾਸੇ ਤੋਂ ਵਜ਼ੀਰ ਮੰਤਰੀਆਂ ਨੇ ਡੇਰੇ ਲਗਾ ਕੇ ਪਰਚਾਰ ਕੀਤਾ ਹੈ, ਅਤੇ ਬੰਦੂਕਾਂ ਡਾਂਗਾਂ ਨਾਲ ਪਹਿਰੇਦਾਰੀਆਂ ਕੀਤੀਆਂ ਹਨ ਉਸ ਤੋਂ ਸਾਫ ਹੈ ਕਿ ਇਹ ਭਾਸ਼ਾਈ ਸਰਵੇਖਣ ਬੈਠੇ ਬੈਠਾਏ ਅਮਨ ਤੇ ਸ਼ਾਂਤੀ ਨਾਲ ਰਹਿ ਰਹੇ ਲੋਕਾਂ ਵਿਚ ਫਰਕ ਪਾਉਣ ਤੋਂ ਸਿਵਾ ਹੋਰ ਕੁਝ ਨਹੀਂ ਸੀ। ਕੀ ਇਹ ਮਸਲੇ ਇਕ ਮੇਜ਼ ਦੇ ਦੁਆਲੇ ਬੈਠਕੇ ਹੱਲ ਨਹੀਂ ਹੋ ਸਕਦੇ ? ਇਹ ਯਕੀਨਨ ਹੋ ਸਕਦੇ ਹਨ ਜੇ ਨੀਅਤਾਂ ਠੀਕ ਹੋਣ। ਲੋਕਾਂ ਨੂੰ ਵੀ ਸਮਝਾਇਆ ਜਾ ਸਕਦਾ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ।

● ਸਤਲੁੱਜ ਯਮਨਾ ਨਹਿਰ ਦੀ ਖੁਦਵਾਈ ਵਿਚ ਰੋਕ ਤੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੀ ਡਾਂਵਾਂਡੋਲਤਾ ਤੇ ਵੇਲੇ ਸਿਰ ਫੈਸਲਾ ਨਾ ਲੈਣਾ ਇਕ ਨਿੰਦਣਯੋਗ ਕਦਮ ਹੈ। ਇਹ ਇਕ ਵੱਡਾ ਕਾਰਨ ਹੈ ਕਿ ਪੰਜਾਬ ਸਰਕਾਰ ਕੇਂਦਰ ਉਤੇ ਜ਼ੋਰ ਨਹੀਂ ਪਾ ਸਕੀ ਕਿ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਏ ਪੰਜਾਬ ਸਮਝੌਤੇ ਦੇ ਅਧੀਨ ਇਹ ਕੇਂਦਰੀ ਹਕੂਮਤ ਦਾ ਫਰਜ਼ ਸੀ ਕਿ ਉਹ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਦੀ ਤੇ ਨਾਲ ਹੀ ਜ਼ੋਰ ਦੇ ਕੇ ਸਤਲੁੱਜ ਯਮਨਾ ਨਹਿਰ 15 ਅਗਸਤ ਤਕ ਮੁਕੰਮਲ ਕਰਵਾਂਦੀ। ਇਸ ਤਰ੍ਹਾਂ ਨਾ ਹੋਣ ਕਰਕੇ ਹੁਣ ਉਮੀਦ ਹੀ ਨਹੀਂ ਕੀਤੀ ਜਾ ਸਕਦੀ ਕਿ ਕੋਈ ਵੀ ਸਮਝੌਤਾ ਕਦੀ ਵੀ ਪੂਰਾ ਕੀਤਾ ਜਾ ਸਕਦਾ ਹੈ। ਹਰ ਇਕ ਧਿਰ ਕੋਈ ਨਾ ਕੋਈ ਬਹਾਨਾ ਲਗਾ ਕੇ ਅਪਣੀ ਜ਼ਿਮੇਵਾਰੀ ਤੋਂ ਮੁਨਕਰ ਹੋ ਸਕਦੀ ਹੈ। ਹਵਾ ਵਿਚ ਲਟਕਦਾ ਹਰ ਮਸਲਾ ਲੋਕਾਂ ਵਿਚ ਖਾਮਖਾਹ ਖਿਚਾਅ ਪੈਦਾ ਕਰਦਾ ਹੈ।

● ਅਕਾਲੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖ ਫੌਜੀਆਂ ਦੀ, ਜਿਨ੍ਹਾਂ ਨੇ ਹਰਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਬਾਰੇ ਆਪਣਾ ਪ੍ਰਤੀਕਰਮ ਵਿਖਾਂਦੇ ਹੋਏ ਬਗਾਵਤ ਕੀਤੀ, ਆਮ ਮੁਆਫੀ ਲਈ ਕੇਂਦਰ ਤੇ ਜ਼ੋਰ ਪਾਏ। ਇਸੇ ਤਰ੍ਹਾਂ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਵੀ ਹੋਣੀ ਚਾਹੀਦੀ ਹੈ। ਇਹ ਕਹਿਣਾ ਕਿ ਉਹਨਾਂ ਨੇ ਹਰਿਮੰਦਰ ਸਾਹਿਬ ਵਿਚ ਭਾਰਤੀ ਫੋਜ ਵਿਰੁੱਧ ਲੜਾਈ ਵਿਚ ਹਿੱਸਾ ਲੈਣ ਦਾ ਜੁਰਮ ਕੀਤਾ ਹੈ, ਇਕ ਬੇਹੂਦਾ ਜਿਹੀ ਗੱਲ ਹੈ। ਲੜਾਈ ਹੋਈ, ਇਕ ਧਿਰ ਹਾਰ ਗਈ। ਉਹ ਹੁਣ 20-20 ਮਹੀਨਿਆਂ ਦੀ ਕੈਦ ਭੁਗਤ ਚੁੱਕੇ ਹਨ। ਪੁੱਛ-ਗਿੱਛ ਦੌਰਾਨ ਘੋਰ ਤਸੀਹੇ ਸਹਿ ਚੁੱਕੇ ਹਨ। ਹੁਣ ਉਹਨਾਂ ਨੂੰ ਹੋਰ ਕੀ ਫਾਹੇ ਲਾ ਲੈਣਾ ਏ। ਉਹਨਾਂ ਵਿਚ ਜੇਕਰ ਕੋਈ ਖਤਰਨਾਕ ਕਿਸਮ ਦੇ ਮੁਜਰਿਮ ਹਨ ਤੇ ਉਹਨਾਂ ਤੇ ਸਾਧਾਰਨ ਲੋਕਾਂ ਦੇ ਕਤਲ ਦਾ ਇਲਜ਼ਾਮ ਹੈ, ਤਾਂ ਬਾਕਾਇਦਾ ਮੁਕੱਦਮੇ ਚਲਾ ਕੇ ਉਹਨਾਂ ਨੂੰ ਸਜ਼ਾ ਦਿੱਤੀ ਜਾਏ। ਇਸ ਤਰ੍ਹਾਂ ਉਹਨਾਂ ਨੂੰ ਬਗੈਰ ਮੁਕੱਦਮੇ ਜਾਂ ਬਗੈਰ ਜੁਰਮ ਸਾਬਤ ਕੀਤੇ ਡੱਕੀ ਰੱਖਣਾ, ਇਕ ਬੜੀ ਨਾਵਾਜਬ ਗੱਲ ਹੈ। ਅਕਾਲੀ ਸਰਕਾਰ ਵੱਲੋਂ ਚੋਣਾਂ ਦੇ ਦਰਮਿਆਨ ਦਿੱਤੇ ਇਹਨਾ ਵਾਅਦਿਆਂ ਤੋਂ ਘੇਸ ਵੱਟ ਜਾਣੀ ਹੀ ਸਿੱਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਨੂੰ ਇਹ ਮੌਕਾ ਦੇ ਰਹੀ ਹੈ ਕਿ ਉਹ ਆਪਣੀਆਂ ਸਰਗਰਮੀਆਂ ਪੂਰੀ ਤਰ੍ਹਾਂ ਲੋਕਾਂ ਵਿਚ ਫੈਲਾ ਸਕਣ ਅਤੇ ਖਾਲਿਸਤਾਨ ਦੇ ਹੱਕ ਵਿਚ ਖੁਲ੍ਹੇਆਮ ਜੈਕਾਰੇ ਲਗਾ ਸਕਣ। ਅਤਿਵਾਦ ਦਾ ਮਸਲਾ ਇਕ ਪਾਸੇ ਜੇਲਬੰਦ ਕੈਦੀਆਂ ਵੱਲ ਫਰਾਖਦਿਲੀ ਵਿਖਾ ਕੇ ਤੇ ਦੂਜੇ ਪਾਸੇ ਉਹਨਾਂ ਦੀਆਂ ਬਾਹਰ ਦੀਆਂ ਕਾਰਵਾਈਆਂ ਨੂੰ ਦ੍ਰਿੜਤਾ ਨਾਲ ਦਬਾ ਕੇ ਨਜਿੱਠਿਆ ਜਾ ਸਕਦਾ ਸੀ ਪਰ ਬਰਨਾਲਾ ਸਰਕਾਰ ਇਸ ਵਿਚ ਫੇਲ ਸਾਬਤ ਹੋਈ ਹੈ।

● ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਪਰ ਰਹੀਆਂ ਘਟਨਾਵਾਂ ਵੀ ਸਾਡੇ ਫਿਕਰ ਦਾ ਕਾਰਨ ਹੋਣਾ ਚਾਹੀਦਾ ਹੈ। ਖੱਬੀ ਧਿਰ ਲਈ ਨਾਸਤਿਕਤਾ ਦੇ ਫਲਸਫੇ ਦਾ ਧਾਰਨੀ ਹੋਣ ਕਰਕੇ ਧਰਮ ਦੇ ਮਾਮਲਿਆਂ ਵਿਚ ਦਖਲਅੰਦਾਜੀ ਅਸੂਲਨ ਤੌਰ ਤੇ ਵਾਜਬ ਨਹੀਂ, ਪਰ ਕਿਉਂਕਿ ਇਹ ਘਟਨਾਵਾਂ ਪੰਜਾਬ ਦੀ ਸਮੁੱਚੀ ਸਿਆਸਤ ਵਿਚ ਬਹੁਤ ਅਸਰ ਰੱਖਦੀਆਂ ਹਨ, ਇਸ ਲਈ ਇਸਦੇ ਬਾਰੇ ਰਾਏ ਜ਼ਰੂਰ ਸਪੱਸ਼ਟ ਹੋਣੀ ਚਾਹੀਦੀ ਹੈ। ਗੁਰਦੁਆਰਾ ਐਕਟ ਦੇ ਅਨੁਸਾਰ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਚਲਾਉਣ ਦਾ ਹੱਕ ਕਾਨੂੰਨੀ ਤੌਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਜੋ ਕਿ

ਸਿੱਖਾਂ ਦੀ ਇਕ ਚੁਣੀ ਹੋਈ ਕਮੇਟੀ ਹੈ। ਇਹ ਚੋਣ ਹੋਇਆਂ ਦਸ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਦਰਮਿਆਨ ਜੋ ਘਟਨਾਵਾਂ ਵਾਪਰੀਆਂ ਹਨ, ਉਹਨਾਂ ਸਾਬਤ ਕੀਤਾ ਹੈ ਕਿ ਇਹ ਕਮੇਟੀ ਇਹ ਪ੍ਰਬੰਧ ਕਰਨ ਦੇ ਯੋਗ ਨਹੀਂ। ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਥਿਆਰਬੰਦ ਲੋਕਾਂ ਦਾ ਖੁੱਲ੍ਹੇਆਮ ਦਹਿਸ਼ਤ ਫੈਲਾਉਣਾ, ਹਰਿਮੰਦਰ ਸਾਹਿਬ ਤੇ ਫੌਜੀ ਹਮਲਾ, ਅਕਾਲ ਤਖਤ ਦਾ ਢਹਿ ਜਾਣਾ, ਬਾਬਾ ਸੰਤਾ ਸਿੰਘ ਦੀ ਨਿਗਰਾਨੀ ਵਿਚ ਇਹਦਾ ਸਰਕਾਰ ਵਲੋਂ ਫਿਰ ਬਣਾਇਆ ਜਾਣਾ, ਹੁਣ ਫੇਰ ਢਾਹਿਆ ਜਾਣਾ ਤੇ ਇਸ ਗੱਲ ਦਾ ਝਗੜਾ ਕਿ ਢਾਹੇ ਤੇ ਬਣਾਏ ਕੌਣ, ਦਮਦਮੀ ਟਕਸਾਲ ਦਾ ਸਰਬੱਤ ਖਾਲਸਾ ਬੁਲਾਇਆ ਜਾਣਾ, ਅਕਾਲ ਤਖਤ ਦਾ ਨਵਾਂ ਜਥੇਦਾਰ ਚੁਣ ਲਿਆ ਜਾਣਾ ਆਦਿਕ ਇਹ ਸਭ ਘਟਨਾਵਾਂ ਹੁਣ ਮੰਗ ਕਰਦੀਆਂ ਹਨ ਕਿ ਪਹਿਲੀ ਕਮੇਟੀ ਭੰਗ ਕੀਤੀ ਜਾਏ ਅਤੇ ਨਵੇਂ ਸਿਰੇ ਤੋਂ ਚੋਣਾਂ ਕਰਕੇ ਐਸੀ ਕਮੇਟੀ ਚੁਣੀ ਜਾਏ ਜਿਸ ਕੋਲ ਬਹੁ ਗਿਣਤੀ ਸਿੱਖਾਂ ਦਾ ਵਿਸ਼ਵਾਸ ਹੋਵੇ। ਜਿੰਨਾ ਚਿਰ ਇਹ ਨਹੀਂ ਹੁੰਦਾ ਇਕ ਨਿਰਪੱਖ ਐਡਹਾਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਆਪਣੀ ਨਿਗਰਾਨੀ ਥੱਲੇ ਚਲਾਏ। ਅਕਾਲ ਤਖਤ ਬਾਰੇ ਹਰ ਕਾਰਵਾਈ ਆਰਜ਼ੀ ਤੌਰ ਤੇ ਰੋਕ ਦਿੱਤੀ ਜਾਏ। ਦਮਦਮੀ ਟਕਸਾਲ ਅਤੇ ਸ਼ਰੋਮਣੀ ਅਕਾਲੀ ਦਲ ਜੋ ਸਿੱਖਾਂ ਵਿਚ ਦੋ ਧਿਰਾਂ ਦੇ ਤੌਰ ਤੇ ਨਿੱਖਰ ਕੇ ਸਾਹਮਣੇ ਆਈਆਂ ਹਨ, ਉਹਨਾਂ ਵਿਚੋਂ ਜਿਹੜੀ ਧਿਰ ਕੋਲ ਗੁਰਦੁਆ-ਰਿਆਂ ਦਾ ਪ੍ਰਬੰਧ ਚਲਾਉਣ ਦਾ ਹੱਕ ਹੈ. ਇਸਦਾ ਫੈਸਲਾ ਜਮਹੂਰੀ ਢੰਗ ਨਾਲ ਨਵੀਂ ਕਮੇਟੀ ਦੀ ਚੋਣ ਨਾਲ ਕੀਤਾ ਜਾਏ। ਸਰਬੱਤ ਖਾਲਸਾ ਵਾਲੀ ਗੱਲ ਅੱਜ ਦੇ ਹਾਲਾਤ ਤੇ ਲਾਗੂ ਨਹੀਂ ਹੁੰਦੀ। ਬਾਬਾ ਸੰਤਾ ਸਿੰਘ ਨੇ ਵੀ ਸਰਬੱਤ ਖਾਲਸਾ ਕਨਵੈਨਸ਼ਨ ਕੀਤੀ ਸੀ। ਹੁਣ ਦਮਦਮੀ ਟਕਸਾਲ ਵਾਲਿਆਂ ਨੇ ਵੀ ਕੀਤੀ ਹੈ। ਕੱਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਕਰੇਗੀ। ਆਪਣੇ ਹੀ ਲੋਕ ਇਕੱਠੇ ਕਰਕੇ ਹੱਥ ਖੜੇ ਕਰਵਾ ਲੈਣੇ ਜਾਂ ਜੈਕਾਰੇ ਬੁਲਵਾ ਕੇ ਕਿਸੇ ਗੱਲ ਦੀ ਪ੍ਰਵਾਨਗੀ ਲੈ ਲੈਣੀ, ਇਕ ਧੋਖੇ ਵਾਲੀ ਕਾਰਵਾਈ ਤੋਂ ਸਿਵਾ ਕੁਝ ਨਹੀਂ। ਦਰਬਾਰ ਸਾਹਿਬ ਕੰਪਲੈਕਸ ਦੀ ਪਵਿੱਤਰਤਾ ਪੂਰੀ ਤਰ੍ਹਾਂ ਭੰਗ ਹੋ ਚੁੱਕੀ ਹੈ। ਤੁਸੀਂ ਕਲਪਨਾ ਕਰੋ, ਇਸ ਦ੍ਰਿਸ਼ ਨੂੰ, ਜੋ ਦਰਬਾਰ ਸਾਹਿਬ ਕੰਪਲੈਕਸ ਵਿਚ 19 ਜਨਵਰੀ ਵੇਖਿਆ ਗਿਆ। ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਹੈ। ਭਾਈ ਸਾਹਬ ਪਾਠ ਕਰ ਰਹੇ ਹਨ। ਦੋ ਬੰਦੂਕਧਾਰੀ ਸੇਵਾਦਾਰ ਉਹਨਾਂ ਦੀ ਰਖਵਾਲੀ ਕਰ ਰਹੇ ਹਨ। ਭਾਈ ਸਾਹਬ ਪਾਠ ਨਹੀਂ ਕਰ ਰਹੇ, ਸਿਰਫ ਤੋਤਾ ਰੱਟਣੀ ਕਰ ਰਹੇ ਹਨ, ਕਿਉਂਕਿ ਉਹਨਾਂ ਦਾ ਧਿਆਨ ਸਾਹਮਣੇ ਖਲੋਤੇ ਬੰਦੂਕਧਾਰੀ ਲੋਕਾਂ ਵੱਲ ਹੈ, ਜੋ ਬਰਨਾਲਾ ਦੇ ਕਾਕਾ ਜੀ ਗਗਨਦੀਪ ਸਿੰਘ ਨਾਲ ਲਿਆਏ ਹਨ (ਇਹ ਗਗਨਦੀਪ ਹੁਣ ਅਸਮਾਨ ਤੇ ਨਵਾਂ ਤਾਰਾ ਚੜ੍ਹਿਆ ਹੈ)। ਗਗਨਦੀਪ ਦੇ ਜ਼ਰਖੰਦ ਕੁਝ ਕਾਰਵਾਈ ਕਰਨਾ ਚਾਹੁੰਦੇ ਹਨ ਪਰ ਬਾਬੇ ਦਾ ਪਾਠ ਖੁਲ੍ਹਿਆ ਹੋਇਆ ਹੈ, ਇਸ ਕਰਕੇ ਉਹ ਕੁਝ ਨਹੀਂ ਕਰ ਸਕਦੇ। ਪੜ੍ਹਿਆ ਕਰਦੇ ਸਾਂ ਕਿ ਮੁਸਲਮਾਨ ਹਮਲਾਆਵਰ ਜਦੋਂ ਭਾਰਤ ਆਏ ਤਾਂ ਰਾਜਪੂਤਾਂ ਵਿਰੁਧ ਲੜਦੇ ਹੋਏ ਉਹ ਗਾਂਵਾਂ ਦੇ ਇੱਜੜ ਅੱਗੇ ਲਾ ਦੇਂਦੇ ਸਨ। ਰਾਜਪੂਤ ਗਊਆਂ ਉਤੇ ਵਾਰ ਨਹੀਂ ਕਰ ਸਕਦੇ ਸਨ ਤੇ ਗਊਆਂ ਦਾ ਸਹਾਰਾ ਲੈਂਦੇ ਹੋਏ ਮੁਸਲਮਾਨ ਜੰਗ ਜਿਤ ਜਾਂਦੇ ਸਨ। ਬਾਬੇ ਦਾ ਖੁਲ੍ਹਿਆ ਪਾਠ ਵੀ ਅੱਜ ਦੇ ਪ੍ਰਸੰਗ ਵਿਚ ਇਹੋ ਗਾਂਈਆਂ ਵਾਲੀ ਭੂਮਿਕਾ ਨਿਭਾ ਰਿਹਾ ਹੈ। ਹੁਣ ਹਰਮੰਦਰ ਸਾਹਿਬ ਵਿਚ ਸਭ ਕੁਝ ਉੱਥਲ ਪੁੱਥਲ ਹੋ ਗਿਆ ਹੈ। ਇੰਦਰਾ ਗਾਂਧੀ ਵਲੋਂ ਭੇਜੀਆਂ ਫੌਜਾਂ ਵਲੋਂ ਨਹੀਂ. ਸਗੋਂ ਸਿੰਘਾਂ ਦੀਆਂ ਅਪਣੀਆਂ ਫੌਜਾਂ ਵਲੋਂ। (ਉਂਝ ਜੋ ਕੁਝ ਉਥੇ ਹੋ ਰਿਹਾ ਹੈ, ਫੌਜ ਫੇਰ ਦਰਬਾਰ ਸਾਹਿਬ ਵਿਚ ਕਾਰਵਾਈ ਕਰੇ ਤਾਂ ਕੋਈ ਹੈਰਾਨੀ ਨਹੀਂ ਹੋਏਗੀ)। ਇਹ ਧੱਕੇਸ਼ਾਹੀ ਵਾਲੀਆਂ ਕਾਰਵਾਈਆਂ ਹਾਲੀ ਭਾਵੇਂ ਹਰਮੰਦਰ ਸਾਹਿਬ ਦੀ ਹੱਦ ਵਿਚ ਹੀ ਹੋ ਰਹੀਆਂ ਹਨ, ਪਰ ਇਹਨਾਂ ਦਾ ਭੈੜਾ ਪਰਛਾਂਵਾਂ ਬਾਹਰ ਦੀ ਜ਼ਿੰਦਗੀ ਉਤੇ ਵੀ ਪੈ ਰਿਹਾ ਹੈ। ਸਾਨੂੰ ਹੌਸਲੇ ਨਾਲ ਇਹਨਾਂ ਕਾਰਵਾਈਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਭਾਵੇਂ ਇਹ ਗਗਨਦੀਪ ਵੱਲੋਂ ਸਰਕਾਰੀ ਸ਼ਹਿ ਤੇ ਲਿਆਂਦੇ ਗਏ ਭਾੜੇ ਦੇ ਬੰਦਿਆਂ ਵਲੋਂ ਕੀਤੀ ਜਾਏ ਜਾਂ ਦਮਦਮੀ ਟਕਸਾਲ ਦੇ ਸਿੰਘਾਂ ਵਲੋਂ ਕੀਤੀ ਜਾਏ।

ਉਤਲੀਆਂ ਕਹੀਆਂ ਗੱਲਾਂ ਦੇ ਪਰਿਪੇਖ ਵਿਚ ਸਮੁੱਚੇ ਲੋਕਾਂ ਲਈ ਭਾਵੇਂ ਉਹ ਪੰਜਾਬ ਵਿਚ ਰਹਿ ਰਹੇ ਹਨ ਜਾ ਹਰਿਆਣੇ ਵਿਚ ਰਹਿ ਰਹੇ ਹਨ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਵੱਸ ਰਹੇ ਹਨ, ਸਹੀ ਰਾਹ ਇਹੀ ਹੈ ਕਿ ਇਹ ਮੰਗ ਕੀਤੀ ਜਾਏ ਚੰਡੀਗੜ੍ਹ ਬਿਨਾ ਦੇਰ ਪੰਜਾਬ ਦੇ ਹਵਾਲੇ ਕੀਤਾ ਜਾਏ, ਸਤਲੁਜ ਯਮਨਾ ਨਹਿਰ ਛੇਤੀ ਤੋਂ ਛੇਤੀ 15 ਅਗਸਤ ਤਕ ਮੁਕੰਮਲ ਕੀਤੀ ਜਾਏ, ਹਰਿਆਣਾ ਅਤੇ ਪੰਜਾਬ ਦੀਆਂ ਹੁਣ ਦੀਆਂ ਸੀਮਾਵਾਂ ਨੂੰ ਹਾਲੇ ਛੇੜਿਆ ਨਾ ਜਾਏ ਸਗੋਂ ਇਹ ਯਤਨ ਕੀਤਾ ਜਾਏ ਕਿ ਇਸ ਮਸਲੇ ਨੂੰ ਮੇਜ਼ ਦੇ ਦੁਆਲੇ ਆਪਸੀ ਭਾਈਚਾਰੇ ਦੇ ਵਾਤਾਵਰਨ ਵਿਚ ਹੱਲ ਕੀਤਾ ਜਾਏ (ਇਹ ਕੋਈ ਸਲਤਨਤਾਂ ਦੇ ਬਟਵਾਰੇ ਨਹੀਂ ਕਿ ਏਨਾਂ ਖਿਚਾਅ ਪੈਦਾ ਕੀਤਾ ਜਾਏ, ਆਖਰ ਇਕ ਸੂਬੇ ਵਿਚ ਹੋਣ ਜਾਂ ਦੂਜੇ ਸੂਬੇ ਵਿਚ ਹੋਣ, ਇਹ ਪਿੰਡ ਭਾਰਤ ਤੋਂ ਬਾਹਰ ਨਹੀਂ ਜਾ ਰਹੇ) ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦੀ ਫੌਰੀ ਤੌਰ

ਤੇ ਤ੍ਰੀਖ ਏਲਾਨੀ ਜਾਏ ਤੇ ਇਹਨਾਂ ਚੋਣਾਂ ਦਾ ਫੈਸਲਾ ਸਭ ਧਿਰਾਂ ਸਵੀਕਾਰ ਕਰਨ, ਹੁਣ ਦੀ ਪ੍ਰਬੰਧਕ ਕਮੇਟੀ ਇਕ ਚੋਣਵੀਂ ਕਮੇਟੀ ਹੋਣ ਦਾ ਹੱਕ ਗਵਾ ਬੈਠੀ ਹੈ), ਅੱਤਵਾਦ ਦੇ ਨਾਂ ਥੱਲੇ ਕਾਤਲਾਨਾ ਕਾਰਵਾਈਆਂ ਨੂੰ ਸਖਤੀ ਨਾਲ ਰੋਕਿਆ ਜਾਏ, ਪਰ ਇਸ ਮਸਲੇ ਨੂੰ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨਾਲ ਜਾ ਜਜ਼ਬਾਤ ਵਿਚ ਆ ਕੇ ਫੌਜੀਆਂ ਵੱਲੋਂ ਕੀਤੀ ਬਗ਼ਾਵਤ ਨਾਲ ਨਾ ਜੋੜਿਆ ਜਾਏ। ਜੇਲ੍ਹ ਬੰਦ ਨੌਜਵਾਨਾਂ ਦੀ ਰਿਹਾਈ ਤੇ ਬਰਖਾਸਤ ਕੀਤੇ ਫੌਜੀਆਂ ਦੀ ਬਹਾਲੀ ਦੀ ਮੰਗ ਇਕ ਹੱਕੀ ਮੰਗ ਹੈ।

ਹੱਕ ਦੀ ਗੱਲ ਕਰਦਿਆਂ ਹੀ ਲੋਕਾਂ ਨੂੰ ਇਸ ਨਿਜ਼ਾਮ ਦੀ ਫ਼ਤਾਬਰਤਾ ਬਾਰੇ ਚੇਤਨ ਕੀਤਾ ਜਾ ਸਕਦਾ ਹੈ, ਐਸਾ ਨਿਜ਼ਾਮ ਜਿਸ ਵਿਚ 60 ਫੀ ਸਦੀ ਲੋਕ ਭੁੱਖ-ਮਰੀ ਦੇ ਪੱਧਰ ਥੱਲੇ ਜੀ ਰਹੇ ਹਨ ਤੇ ਜ਼ਿੰਦਗੀ ਦੀ ਹਰ ਸਹੂਲਤ ਤੋਂ ਵਾਂਝੇ ਹਨ। ਇਹ ਨਿਜ਼ਾਮ ਬਦਲਣ ਦਾ ਮਸਲਾ ਚੰਡੀਗੜ੍ਹ, ਕੰਦੂਖੇੜਾ, ਅਕਾਲ ਤਖਤ ਦੇ ਢਾਹੁਣ ਤੇ ਬਨਾਉਣ ਦੇ ਮਸਲਿਆਂ ਤੋਂ ਵੱਡਾ ਮਸਲਾ ਹੈ ਤੇ ਕ੍ਰੋੜਾਂ ਲੋਕਾਂ ਲਈ ਜ਼ਿੰਦਗੀ ਤੇ ਮੌਤ ਦਾ ਮਸਲਾ ਹੈ। ਖੱਬੀ ਧਿਰ ਨੂੰ ਦ੍ਰਿੜਤਾ ਨਾਲ ਇਹ ਸਿਆਸਤ ਲੋਕਾਂ ਵਿਚ ਲਿਜਾਣੀ ਚਾਹੀਦੀ ਹੈ।

–ਗੁਰਸ਼ਰਨ ਸਿੰਘ

---

(ਕਹਾਣੀ 'ਭਾਬੀ ਪ੍ਰਤਾਪੀ' ਦੀ ਬਾਕੀ)

ਕੱਢ ਦੇਹ, ਫੇਰ ਦੇਖੀ ਜਾਊ।" ਬੱਸ ਚੌਹਾਂ-ਪੰਜਾਂ ਮਹੀਨਿਆਂ 'ਚ ਈ ਇੱਧਰ ਨੂੰ ਤੁਰ ਆਇਆ। ਪਰ ਜਿੰਨਾ ਚਿਰ ਉਥੇ ਰਿਹਾ ਮੁੜ ਕੇ ਗੱਲ ਨਹੀਂ ਕੱਢੀ--- ਗੰਢੀਂ ਪੂੰਜੀ ਕਸਰ ਏਥੇ ਭਾਰੇ ਕੰਮ ਨੇ ਪੂਰੀ ਕਰਤੀ।

"ਭਾਬੀ ਤੇਰਾ ਤਾਂ ਬਸ ਕਰਨ ਕਰੌਣ ਜੋਗਾ ਕੁਛ ਨੀ, ਬੱਸ ਡਾਹਢਿਆਂ ਮਹੀਨਿਆਂ 'ਚ ਅੰਦਰ ਲੂਹਣ ਨੂੰ ਤਕੜਾ। ਤੀਵੀਂ ਆਦਮੀ ਦਾ ਮਾੜਾ ਮੋਟਾ ਬੋਲ ਬੁਲਾਰਾ ਤਾਂ ਹੁੰਦਾ ਈ ਆ।"

ਸਾਡੇ ਦੋਹਾਂ 'ਚ ਸਾਹ ਘੁੱਟਵੀਂ ਚੁੱਪ ਪਸਰ ਗਈ। ਅਚਾਨਕ ਬਿਜਲੀ ਦਾ ਬਲਬ ਜਗ ਪੈਣ ਵਾਂਗ ਮੇਰੇ ਅੰਦਰ ਰੌਸ਼ਨੀ ਦੀ ਲਹਿਰ ਦੌੜ ਗਈ ਤੇ ਮੈਂ ਜਕਦਿਆਂ--- ਜਕਦਿਆਂ ਕਿਹਾ--- "ਭਾਬੀ। ਤੁਸੀਂ ਮੇਰੀ ਗੱਲ ਮੰਨੋਂ ਤਾਂ--- ਮਾਸੀ ਛਿੰਦੋ ਦੀ ਧੀ ਨੂੰ ਤੁਸੀਂ----।" ਮੇਰੀ ਗੱਲ ਪੂਰੀ ਨਹੀਂ ਸੀ ਹੋਈ ਕਿ ਉਹ ਕਿਸੇ ਨਵੇਂ ਰੰਗ 'ਚ ਬੋਲੀ---- "ਮੈਂ ਪਾਲਾਂ ਤਾਂ ਇਕ ਹੋਰ ਪ੍ਰਤਾਪੀ ਪੈਦਾ ਕਰਦਿਆਂ ਤੇ ਜੋ ਕਿਸੇ ਦਿਨ--- ਕੁਚੱਜੇ ਚਲਣੇ ਪਿਓ ਨੂੰ ਸਿੱਧਾ ਕਰ ਦੇਵੇ।"

ਮੇਰਾ ਕਨਵੈਸ ਤੇ ਭਾਬੀ ਪ੍ਰਤਾਪੀ ਦੇ ਸਕੈੱਚ ਦੇ ਨਾਲ--- ਨਾਲ ਹੀ ਉਂਗਲੀ ਲਾਈ ਬੱਚੀ ਦਾ ਆਕਾਰ ਵੀ ਉੱਘੜ ਰਿਹਾ ਸੀ। ● (U.K.)

---


**HIMALAYA RESTAURANT LTD.**

6595 Main Street
Phone: 324-6514

2313 Main Street, LICENSED PREMISES
Phone: 876-2911

VANCOUVER, B.C.



KEWAL SINGH PABLA

**PABLA'S VIKING INN**

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

# ਮਠਿਆਈ ਦੀ ਮਸ਼ਹੂਰ ਦੁਕਾਨ

# S & S Insurance Services



ਹਰਦੇਵ ਸਿੰਘ ਗਿੱਲ

ਪੰਜਾਬੀ ਮਾਰਕਿਟ ਵਿਚ

**PH. 324-5711**

**6658 MAIN ST., VANCOUVER.**



ਦਲਜੀਤ ਸਿੰਘ ਸਿੱਧੂ

**An Autoplan reminder—**
Leisure vans with modifications to the interior require a special equipment endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.

**The shop where you can get all kinds of Fabrics!**

## PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*

* *Also in gents wear Pants, Shirts, Coats, etc.*

* *Mail order accepted*

EYE EXAMINATIONS ARRANGED



**SOFT CONTACT LENS SALE**

**NOW $119.00**
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be experty fitted by our qualified staff. You'll be surprised how quickly you can adapt to wearing soft contact lenses!

**EXTENDED WEAR CONTACT LENS $219.00**

## Campus Eye Center

**11151-87 Ave.** **432-1372**

# BOMBAY SWEETS MFG. INCORPORATED

## FOR LARGEST VARIETY IN INDIAN SWEETS

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

**6407 MAIN ST. VANCOUVER, B.C.**

# PAUL'S

***PLUMBING & ELECTRICAL SUPPLY***



'OPEN ON SUNDAYS TOO'

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service



kesri

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

**WATNO DUR**
P.O. Box 9545
Edmonton, Alberta, T6E 5X2
Second Class Mail Reg. No. 3233

TO:

# ਫਰੰਟੀਅਰ ਕਲਾਥ ਹਾਊਸ




FRONTIER - the NAME you can TRUST
*********************************************

We are the best in:

1. Indian Silk Sarees
2. Crepe-de-Chine Silk Sarees
3. Mysoori Silk Sarees
4. Punjabi Silk Suits with Fancy Chunis, in latest designs
5. Embroidered Chunis of all kinds
6. Japanese Printed and Plain Sarees
7. French Chiffon Plain and Printed Sarees

Always visit FRONTIER for your wedding shopping. FRONTIER is FRONT in FASHION.
REMEMBER ... just one place, - FRONTIER

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**
PHONE NO. 325-4424 or 325-3515